# ਪੰਜਾਬ ਰਾਜ ਬਿਜਲੀ ਬੋਰਡ

## ਸੁਰੱਖਿਆ ਬਲ ਸੇਵਾਵਾਂ ਵਿਨਿਯਮਾਵਲੀ, 1976

ਲੋਗੋ

( ਰੀਪ੍ਰਿੰਟ ਐਡੀਸ਼ਨ )

(____________ਤੱਕ ਸੋਧਾਂ ਸਹਿਤ )

ਪ੍ਰਕਾਸ਼ਕ

ਸਕੱਤਰ,
ਪੰਜਾਬ ਰਾਜ ਬਿਜਲੀ ਬੋਰਡ ਪਟਿਆਲਾ

# ਵਿਸ਼ਾ ਸੂਚੀ


| ਵਿਨਿਯਮ ਨੰ: | ਵੇਰਵੇ | ਪੰਨਾ ਨੰ: |
|---|---|---|
| 1. | ਸੰਖੇਪ ਸਿਰਲੇਖ, ਆਰੰਭ ਅਤੇ ਲਾਗੂਕਰਣ | 1. |
| 2. | ਪਰਿਭਾਸ਼ਾਵਾਂ | 1-2 |
| 3. | ਸੇਵਾ ਦਾ ਕਾਡਰ ਅਤੇ ਇਸ ਵਿੱਚ ਸ਼ਾਮਲ ਆਸਾਮੀਆਂ ਦੀ ਕਿਸਮ | 2 |
| 4. | ਬਲ ( Force ) ਦੀ ਸਥਾਪਨਾ | 3 |
| 5. | ਰਾਸ਼ਟਰੀਅਤਾ ਅਤੇ ਅਧਿਵਾਸ | 3-4 |
| 6. | ਸੇਵਾ ਵਿੱਚ ਭਰਤੀ | 4-5 |
| 6-ੳ. | ਨਿਯੁਕਤੀਆਂ ਕਰਨ ਲਈ ਅਧਿਕ੍ਰਿਤ ( Empowered ) ਅਧਿਕਾਰੀ | 5 |
| 7. | ਉਮਰ ਸੀਮਾ | 5 |
| 8. | ਸਿੱਧੀ ਭਰਤੀ ਲਈ ਯੋਗਤਾਵਾਂ | 5-6 |
| 8-ਅ. | ਲੋਦਾ | 6 |
| 9. | ਪਦ-ਉਨਤੀ ਰਾਹੀਂ ਨਿਯੁਕਤੀ ਲਈ ਯੋਗਤਾ | 6 |
| 10. | ਸਿੱਧੀ ਭਰਤੀ ਦੁਆਰਾ ਨਿਯੁਕਤੀ ਲਈ ਕਾਰਜਵਿਧੀ | 6 |
| 11. | ਪਦ-ਉਨਤੀ ਦੁਆਰਾ ਨਿਯੁਕਤੀ | 6-7 |
| 12. | ਅਜ਼ਮਾਇਸ਼ | 7 |
| 12-ੳ. | ਰੈਂਕ | 7-8 |
| 12-ਅ. | ਡੀ. ਆਈ. ਜੀ. ਦੀ ਨਿਯੁਕਤੀ ਅਤੇ ਅਖਤਿਆਰ | 8 |
| 12-ੲ. | ਸਰਟੀਫਿਕੇਟ ਜਾਰੀ ਕਰਨਾ | 8 |
| 12-ਸ. | ਡਿਊਟੀਆਂ | 8-9 |
| 12-ਹ. | ਬਲ ਦੀ ਨਿਗਰਾਨੀ ਅਤੇ ਪ੍ਰਸ਼ਾਸਨ | 9 |
| 13. | ਅਸਤੀਫ਼ਾ | 9-10 |
| 14. | ਸੇਵਾ ਤੋਂ ਬਰਖ਼ਾਸਤਗੀ | 10 |
| 15. | ਸੀਨੀਅਰਤਾ | 10-11 |
| 16. | ਸੇਵਾ ਦੇ ਮੈਂਬਰਾਂ ਦੀ ਤਨਖਾਹ | 11 |
| 17. | ਛੁੱਟੀ, ਪੈਨਸ਼ਨ ਅਤੇ ਹੋਰ ਮਾਮਲੇ | 11-12 |
| 18. | ਸਿਖਲਾਈ | 12 |
| 19. | ਸੇਵਾ/ ਬਦਲੀਆਂ ਲਈ ਜਿੰਮੇਵਾਰੀ | 12 |
| 20. | ਆਚਰਣ | 12 |
| 21. | ਅਨੁਸ਼ਾਸਨ, ਦੰਡ ਅਤੇ ਅਪੀਲ | 12-13 |
| 22. | ਜਨਰਲ | 13 |
| 23. | ਵਿਆਖਿਆ | 13 |
| 24. | ਰਿਆਇਤ ਦੇਣ ਸਬੰਧੀ ਅਖਤਿਆਰ | 13 |
| | ਅਨੁਸੂਚੀ | 14 |
| | ਅੰਤਿਕਾ - 'ੳ' | 14 |
| | ਅੰਤਿਕਾ - 'ਅ' | 15-16 |

# ਪੰਜਾਬ ਰਾਜ ਬਿਜਲੀ ਬੋਰਡ

**ਦਫਤਰੀ ਆਦੇਸ਼ ਨੰ:** 324/ **ਰੈਗੂ.** – 267 **ਮਿਤੀ** 29. 12. 1976

ਬਿਜਲੀ ( ਸਪਲਾਈ ) ਐਕਟ, 1948 ਦੀ ਧਾਰਾ 79 ਦੇ ਖੰਡ (ੲ) ਦੁਆਰਾ ਸੌਂਪੇਂ ਗਏ ਅਖਤਿਆਰਾਂ ਦੀ ਵਰਤੋਂ ਕਰਦਿਆਂ, ਪੰਜਾਬ ਰਾਜ ਬਿਜਲੀ ਬੋਰਡ, ਪੰ.ਰਾ.ਬਿ.ਬੋ. ਸੁਰੱਖਿਆ ਬਲ ਸੇਵਾਵਾਂ ( Security Force Services ) ਵਿੱਚ ਨਿਯੁਕਤ ਕੀਤੇ ਗਏ ਵਿਅਕਤੀਆਂ ਦੀ ਭਰਤੀ ਅਤੇ ਸੇਵਾਵਾਂ ਨੂੰ ਸ਼ਾਸ਼ਤ ਕਰਦੇ ਨਿਮਨ ਦਰਜ ਵਿਨਿਯਮ ਬਣਾਉਣ ਵਿੱਚ ਪ੍ਰਸੰਨਤਾ ਅਨੁਭਵ ਕਰਦਾ ਹੈ ; ਅਰਥਾਤ : –

## 1. ਸੰਖੇਪ ਸਿਰਲੇਖ, ਆਰੰਭ ਅਤੇ ਲਾਗੂਕਰਣ : –

(1) ਇਹਨਾਂ ਵਿਨਿਯਮਾਂ ਨੂੰ "ਪੰਜਾਬ ਰਾਜ ਬਿਜਲੀ ਬੋਰਡ ਸੁਰੱਖਿਆ ਬਲ ਸੇਵਾਵਾਂ ਵਿਨਿਯਮ, 1976" ਕਿਹਾ ਜਾਵੇਗਾ।

(2) ਇਹ ਤੁਰੰਤ ਲਾਗੂ ਹੋਣਗੇ।

(3) ਇਹ ਇਨ੍ਹਾਂ ਵਿਨਿਯਮਾਂ ਦੀ ਅੰਤਿਕਾ 'ੳ' ਵਿੱਚ ਸੁਨਿਸਚਿਤ ਕੀਤੀਆਂ ਗਈਆਂ ਸਾਰੀਆਂ ਆਸਾਮੀਆਂ ਉਤੇ ਲਾਗੂ ਹੋਣਗੇ।

## 2. ਪਰਿਭਾਸ਼ਾਵਾਂ : –

(1) ਜਦੋਂ ਤੱਕ ਇਨ੍ਹਾਂ ਵਿਨਿਯਮਾਂ ਵਿੱਚ ਵਿਸ਼ੇ ਜਾਂ ਪ੍ਰਸੰਗ ਵਿੱਚ ਕੁਝ ਵੀ ਪ੍ਰਤਿਕੂਲ ਨਾ ਹੋਵੇ : –

(ੳ) "**ਬੋਰਡ**" ਦਾ ਅਰਥ ਬਿਜਲੀ ( ਸਪਲਾਈ ) ਐਕਟ, 1948 ਦੀ ਧਾਰਾ 5 ਅਧੀਨ ਸਥਾਪਿਤ ਕੀਤਾ ਗਿਆ ਪੰਜਾਬ ਰਾਜ ਬਿਜਲੀ ਬੋਰਡ ਹੈ।

(ਅ) "**ਸਰਕਾਰ**" ਦਾ ਅਰਥ ਪੰਜਾਬ ਰਾਜ ਦੀ ਸਰਕਾਰ ਹੈ।

(ੲ) "**ਸੇਵਾ**" ਦਾ ਅਰਥ ਪੰਜਾਬ ਰਾਜ ਬਿਜਲੀ ਬੋਰਡ ਸੁਰੱਖਿਆ ਬਲ ਸੇਵਾ ਹੈ।

(ਸ) "**ਸਿੱਧੀ ਨਿਯੁਕਤੀ**" ਦਾ ਅਰਥ ਕਿਸੇ ਵਿਅਕਤੀ ਨੂੰ ਸੇਵਾ ਵਿੱਚ ਤਰੱਕੀ ਦੇ ਕੇ ਜਾਂ ਕਿਸੇ ਹੋਰ ਬੋਰਡ ਜਾਂ ਸਰਕਾਰ ਜਾਂ ਸਰਕਾਰ ਦੇ ਕਿਸੇ ਹੋਰ ਅਦਾਰੇ ਵਿੱਚ ਪਹਿਲਾਂ ਹੀ ਸੇਵਾ ਕਰ ਰਹੇ ਕਿਸੇ ਅਫਸਰ ਦੀ ਕੀਤੀ ਗਈ ਬਦਲੀ ਰਾਹੀਂ ਤੋਂ ਹੋਰਵੇਂ ਕੀਤੀ ਗਈ ਨਿਯੁਕਤੀ ਹੈ।

(ਹ) "**ਚੋਣ ਕਮੇਟੀ**" ਦਾ ਅਰਥ ਸੇਵਾ ਵਿੱਚ ਨਿਯੁਕਤੀਆਂ ਕਰਨ ਲਈ ਉਮੀਦਵਾਰਾਂ ਦੀ ਚੋਣ ਕਰਨ ਦੇ ਮੰਤਵ ਲਈ ਬੋਰਡ ਦੁਆਰਾ ਸਥਾਪਿਤ ਕੀਤੀ ਗਈ ਕਮੇਟੀ ਹੈ।

(ਕ) "**ਮੈਡੀਕਲ ਅਥਾਰਟੀ**" ਦਾ ਅਰਥ ਪੰਜਾਬ ਰਾਜ ਸਰਕਾਰ ਦਾ ਸਥਾਈ ਮੈਡੀਕਲ ਬੋਰਡ ਹੈ ਜਾਂ ਅਜਿਹੀ ਕੋਈ ਹੋਰ ਅਥਾਰਟੀ ਜਿਵੇਂ ਕਿ ਬੋਰਡ ਦੁਆਰਾ ਨਿਯੁਕਤ ਕੀਤੀ ਗਈ ਹੋਵੇ।

(ਖ) **"ਮਾਨਤਾ-ਪ੍ਰਾਪਤ ਯੂਨੀਵਰਸਿਟੀ"** ਦਾ ਅਰਥ ਭਾਰਤ ਵਿਚ ਕਾਨੂੰਨ ਦੁਆਰਾ ਨਿਗਮਿਤ ਕੋਈ ਯੂਨੀਵਰਸਿਟੀ ਜਾਂ ਕੋਈ ਹੋਰ ਯੂਨੀਵਰਸਿਟੀ ਜਿਹੜੀ ਕਿ ਬੋਰਡ ਦੁਆਰਾ ਇਨ੍ਹਾਂ ਵਿਨਿਯਮਾਂ ਦੇ ਮੰਤਵ ਲਈ ਮਾਨਤਾ ਪ੍ਰਾਪਤ ਯੂਨੀਵਰਸਿਟੀ ਐਲਾਨ ਕੀਤੀ ਜਾ ਸਕਦੀ ਹੈ।

(ਗ) **"ਨਿਯੁਕਤੀ ਅਧਿਕਾਰੀ"** ਦਾ ਅਰਥ ਹੈ ਉਹ ਅਧਿਕਾਰੀ ਜੋ ਬੋਰਡ ਦੇ ਕਿਸੇ ਕਰਮਚਾਰੀ ਦੁਆਰਾ ਧਾਰਨ ਕੀਤੀ ਕਿਸੇ ਸੇਵਾ ਜਾਂ ਆਸਾਮੀ ਤੇ ਨਿਯੁਕਤ ਕੀਤੇ ਜਾਣ ਲਈ ਸਮਰੱਥ ਹੋਵੇ।

(ਘ) **"ਚੇਅਰਮੈਨ"** ਦਾ ਅਰਥ ਐਕਟ ਦੀ ਧਾਰਾ 5 (5) ਦੇ ਅਧੀਨ ਨਿਯੁਕਤ ਕੀਤਾ ਗਿਆ ਪੰਜਾਬ ਰਾਜ ਬਿਜਲੀ ਬੋਰਡ ਦਾ ਚੇਅਰਮੈਨ ਹੈ।

(ਙ) **"ਸਕੱਤਰ"** ਦਾ ਅਰਥ ਪੰ. ਰਾ. ਬਿ. ਬੋ. ਦਾ ਸਕੱਤਰ ਹੈ।

(ਚ) **"ਡੀ. ਆਈ. ਜੀ."** ਦਾ ਅਰਥ ਡਿਪਟੀ ਇੰਸਪੈਕਟਰ ਜਨਰਲ ( ਚੌ. ਤੇ ਸੁ. ), ਪੰਜਾਬ ਰਾਜ ਬਿਜਲੀ ਬੋਰਡ ਹੈ।

(ਛ) **"ਨਿਗਰਾਨ ਅਧਿਕਾਰੀ"** ਦਾ ਅਰਥ ਪੰ. ਰਾ. ਬਿ. ਬੋ. ਦੁਆਰਾ ਬਲ ( Force ) ਦੇ ਨਿਗਰਾਨ ਅਧਿਕਾਰੀ ਵਜੋਂ ਨਿਯੁਕਤ ਕੀਤਾ ਗਿਆ ਕੋਈ ਅਧਿਕਾਰੀ ਹੈ।

(ਜ) **"ਕਮਾਂਡੈਂਟ"** ਦਾ ਅਰਥ ਪੰ. ਰਾ. ਬਿ. ਬੋ. ਦੇ ਸੁਰੱਖਿਆ ਬਲ ਵਿੱਚ ਕਮਾਂਡੈਂਟ ਹੈ।

(ਝ) **"ਬਲ ਦੇ ਮੈਂਬਰ"** ਦਾ ਅਰਥ ਨਿਗਰਾਨ ਅਧਿਕਾਰੀਆਂ ਤੋਂ ਹੋਰਵੇਂ ਵਿਨਿਯਮਾਂ ਅਧੀਨ ਬਲ ਵਿੱਚ ਨਿਯੁਕਤ ਕੀਤੇ ਗਏ ਵਿਅਕਤੀਆਂ ਤੋਂ ਹੈ।

(2) ਸ਼ਬਦ ਅਤੇ ਪ੍ਰਗਟਾ ਜੋ ਇਨ੍ਹਾਂ ਵਿਨਿਯਮਾਂ ਵਿੱਚ ਵਰਤੇ ਗਏ ਹਨ ਪਰੰਤੂ ਵਿਆਖਿਆ ਨਹੀਂ ਕੀਤੀ ਗਈ, ਉਨ੍ਹਾਂ ਦਾ ਉਹੀ ਅਰਥ ਹੋਵੇਗਾ ਜੋ ਪੰ. ਰਾ. ਬਿ. ਬੋ. ਮੁੱਖ ਸੇਵਾ ਵਿਨਿਯਮ 1972, ਜਿਲਦ - 1, ਭਾਗ - 1 ਵਿੱਚ ਉਨ੍ਹਾਂ ਨੂੰ ਦਿੱਤਾ ਗਿਆ ਹੈ।

## 3. ਸੇਵਾ ਦਾ ਕਾਡਰ ਅਤੇ ਇਸ ਵਿੱਚ ਸ਼ਾਮਲ ਆਸਾਮੀਆਂ ਦੀ ਕਿਸਮ : -

ਸੇਵਾ ਵਿੱਚ ਉਹ ਆਸਾਮੀਆਂ ਜੋ ਇਨ੍ਹਾਂ ਵਿਨਿਯਮਾਂ ਦੀ ਅੰਤਿਕਾ- 'ੳ' ਵਿੱਚ ਵਿਸ਼ੇਸ਼ ਰੂਪ ਵਿੱਚ ਉਲੇਖ ਕੀਤੀਆਂ ਗਈਆਂ ਹਨ, ਸ਼ਾਮਲ ਹੋਣਗੀਆਂ ;

ਪਰੰਤੂ ਸ਼ਰਤ ਇਹ ਹੈ ਕਿ ਇਨ੍ਹਾਂ ਵਿਨਿਯਮਾਂ ਵਿੱਚ ਅਜਿਹਾ ਕੁਝ ਨਹੀਂ ਹੈ ਜੋ ਅਜਿਹੀਆਂ ਆਸਾਮੀਆਂ ਦੀ ਗਿਣਤੀ ਵਧਾਉਣ ਅਤੇ ਘਟਾਉਣ ਲਈ ਜਾਂ ਵੱਖ ਵੱਖ ਅਹੁਦਿਆਂ ( designations ) ਅਤੇ ਤਨਖਾਹ ਦੇ ਸਕੇਲਾਂ ਨਾਲ ਨਵੀਆਂ ਆਸਾਮੀਆਂ, ਆਰਜ਼ੀ ਤੌਰ ਤੇ ਜਾਂ ਸਥਾਈ ਤੌਰ ਤੇ, ਦੀ ਰਚਨਾ ਕਰਨ ਵਾਸਤੇ ਬੋਰਡ ਦੇ ਅੰਤਰਨਿਹਿਤ ਹੱਕ ਨੂੰ ਪ੍ਰਭਾਵਿਤ ਕਰੇਗਾ।

## 4. ਬਲ ( Force ) ਦੀ ਸਥਾਪਨਾ : –

ਬੋਰਡ ਦੀਆਂ ਸੰਸਥਾਵਾਂ ਦੀ ਬੇਹਤਰ ਰੱਖਵਾਲੀ ਅਤੇ ਸੁਰੱਖਿਆ ਲਈ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਬਲ, ਜਿਸ ਨੂੰ ਪੰਜਾਬ ਰਾਜ ਬਿਜਲੀ ਬੋਰਡ ਸੁਰੱਖਿਆ ਬਲ ਕਿਹਾ ਜਾਵੇਗਾ, ਸਥਾਪਿਤ ਅਤੇ ਕਾਇਮ ਕੀਤਾ ਜਾਵੇਗਾ। ਇਸ ਬਲ ਵਿੱਚ ਨਿਗਰਾਨ ਅਫਸਰਾਂ/ ਅਧਿਕਾਰੀਆਂ ਦੀ ਅਤੇ ਬਲ ਦੇ ਮੈਂਬਰਾਂ ਦੀ ਅਜਿਹੀ ਗਿਣਤੀ ਸ਼ਾਮਲ ਹੋਵੇਗੀ ਜਿਵੇਂ ਕਿ ਸਮੇਂ ਸਮੇਂ 'ਤੇ ਬੋਰਡ ਦੁਆਰਾ ਨਿਯੁਕਤ ਕੀਤੇ ਜਾਣ।

## 5. ਰਾਸ਼ਟਰੀਅਤਾ ਅਤੇ ਅਧਿਵਾਸ : –

(1) ਕਿਸੇ ਵੀ ਵਿਅਕਤੀ ਨੂੰ ਸੇਵਾ ਵਿੱਚ ਨਿਯੁਕਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਹ ਨਿਮਨ ਵਿਚੋਂ ਇੱਕ ਨਾ ਹੋਵੇ :-

(ੳ) ਭਾਰਤ ਦਾ ਨਾਗਰਿਕ ਜਾਂ
(ਅ) ਨੇਪਾਲ ਦੀ ਪਰਜਾ ਜਾਂ
(ੲ) ਭੂਟਾਨ ਦੀ ਪਰਜਾ ਜਾਂ
(ਸ) ਕੋਈ ਅਜਿਹਾ ਤਿਬਤੀ ਰਿਫਿਊਜ਼ੀ, ਜੋ ਭਾਰਤ ਵਿੱਚ ਸਥਾਈ ਤੌਰ ਤੇ ਵਸ ਜਾਣ ਦੀ ਨੀਅਤ ਨਾਲ ਪਹਿਲੀ ਜਨਵਰੀ, 1962 ਤੋਂ ਪਹਿਲਾਂ ਭਾਰਤ ਆਇਆ ਹੋਵੇ, ਜਾਂ
(ਹ) ਭਾਰਤੀ ਮੂਲ ਦਾ ਕੋਈ ਵਿਅਕਤੀ, ਜੋ ਭਾਰਤ ਵਿੱਚ ਪੱਕੇ ਤੌਰ ਤੇ ਵਸ ਜਾਣ ਦੀ ਨੀਅਤ ਨਾਲ ਪਾਕਿਸਤਾਨ, ਬਰਮਾ, ਸਿਲੋਨ ਅਤੇ ਕੀਨੀਆ ਦੇ ਪੂਰਬੀ ਅਫਰੀਕਨ ਦੇਸ਼ਾਂ, ਯੂਗਾਂਡਾ ਅਤੇ ਤਨਜ਼ਾਨੀਆ ਦੇ ਸੰਯੁਕਤ ਗਣਰਾਜ ( ਪ੍ਰਾਚੀਨ ਤੰਗਨਾਇਕਾ ਅਤੇ ਜ਼ਾਂਜ਼ੀਬਾਰ ) ਤੋਂ ਪਰਵਾਸ ਕਰਕੇ ਆਇਆ ਹੋਵੇ।

ਪਰੰਤੂ ਸ਼ਰਤ ਇਹ ਹੈ ਕਿ :-

i) ਕੈਟਾਗਰੀ (ਅ), (ੲ), (ਸ), ਅਤੇ (ਹ) ਨਾਲ ਸਬੰਧਤ ਉਮੀਦਵਾਰ ਅਜਿਹਾ ਵਿਅਕਤੀ ਹੋਵੇਗਾ, ਜਿਸ ਦੇ ਹੱਕ ਵਿੱਚ ਭਾਰਤ ਸਰਕਾਰ ਦੁਆਰਾ ਪਾਤਰਤਾ ਸਰਟੀਫਿਕੇਟ ਜਾਰੀ ਕੀਤਾ ਗਿਆ ਹੋਵੇ ਅਤੇ

ii) ਜੇਕਰ ਉਹ (ਹ) ਕੈਟਾਗਰੀ ਨਾਲ ਸਬੰਧ ਰੱਖਦਾ ਹੋਵੇ ਤਾਂ ਪਾਤਰਤਾ ਸਰਟੀਫਿਕੇਟ ਇੱਕ ਸਾਲ ਲਈ ਜਾਰੀ ਕੀਤਾ ਜਾਵੇਗਾ ਜਿਸ ਮਗਰੋਂ ਅਜਿਹੇ ਉਮੀਦਵਾਰ ਨੂੰ ਸੇਵਾ ਵਿੱਚ ਤਾਂ ਹੀ ਰੱਖਿਆ ਜਾ ਸਕੇਗਾ, ਜੇ ਉਸ ਨੇ ਭਾਰਤੀ ਨਾਗਰਿਕਤਾ ਗ੍ਰਹਿਣ ਕਰ ਲਈ ਹੋਵੇ।

(2) ਕਿਸੇ ਅਜਿਹੇ ਉਮੀਦਵਾਰ ਨੂੰ , ਜਿਸ ਦੇ ਕੇਸ ਵਿੱਚ ਪਾਤਰਤਾ ਸਰਟੀਫਿਕੇਟ ਪੇਸ਼ ਕਰਨਾ ਜ਼ਰੂਰੀ ਹੋਵੇ, ਉਸ ਦੇ ਇਸ ਗਲ ਦਾ ਸਬੂਤ ਕਿ ਉਸ ਨੇ ਸਰਟੀਫਿਕੇਟ ਲਈ ਅਪਲਾਈ ਕੀਤਾ ਹੋਇਆ ਹੈ, ਪੇਸ਼ ਕਰਨ ਉਤੇ ਉਸ ਨੂੰ ਬੋਰਡ ਦੁਆਰਾ ਜਾਂ ਕਿਸੇ ਹੋਰ ਭਰਤੀ ਅਧਿਕਾਰੀ ਦੁਆਰਾ ਲਈ ਜਾਣ ਵਾਲੀ ਪ੍ਰੀਖਿਆ ਜਾਂ ਇੰਟਰਵਿਊ ਦੇਣ ਦੀ ਆਗਿਆ ਦਿੱਤੀ ਜਾ ਸਕਦੀ ਹੈ ਅਤੇ ਉਸ ਨੂੰ ਭਾਰਤ ਸਰਕਾਰ ਦੁਆਰਾ ਦਿੱਤੇ ਜਾਣ ਵਾਲੇ ਜ਼ਰੂਰੀ ਸਰਟੀਫਿਕੇਟ ਦੀ ਸ਼ਰਤ ਅਧੀਨ ਆਰਜ਼ੀ ਤੌਰ ਤੇ ਨਿਯੁਕਤ ਵੀ ਕੀਤਾ ਜਾ ਸਕਦਾ ਹੈ।

(3) ਕੋਈ ਵੀ ਵਿਅਕਤੀ ਕਿਸੇ ਵੀ ਸੇਵਾ ਵਿੱਚ ਸਿੱਧੀ ਨਿਯੁਕਤੀ ਦੁਆਰਾ ਉਦੋਂ ਤੱਕ ਨਿਯੁਕਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਉਹ ਆਖਰੀ ਅਟੈਂਡ ਕੀਤੀ ਯੂਨੀਵਰਸਿਟੀ, ਕਾਲਿਜ, ਸਕੂਲ ਜਾਂ ਸੰਸਥਾ, ਜੇਕਰ ਕੋਈ ਹੋਵੇ, ਦੇ ਪ੍ਰਿੰਸੀਪਲ ਅਕੈਡਮਿਕ ਅਫਸਰ ਤੋਂ ਆਚਰਣ ਸਰਟੀਫਿਕੇਟ, ਪੇਸ਼ ਨਹੀਂ ਕਰਦਾ ਅਤੇ ਦੋ ਜਿੰਮੇਵਾਰ ਵਿਅਕਤੀਆਂ, ਜੋ ਉਸ ਦੇ ਰਿਸ਼ਤੇਦਾਰ ਨਾ ਹੋਣ ਅਤੇ ਜਿਹੜੇ ਉਸ ਦੀ ਨਿਜੀ ਜਿੰਦਗੀ ਵਿੱਚ ਉਸ ਤੋਂ ਚੰਗੀ ਤਰ੍ਹਾਂ ਪਰਿਚਿਤ ਹੋਣ ਅਤੇ ਉਸ ਦੀ ਯੂਨੀਵਰਸਿਟੀ, ਕਾਲਿਜ, ਸਕੂਲ ਜਾਂ ਸੰਸਥਾ ਨਾਲ ਸਬੰਧਤ ਨਾ ਹੋਣ, ਤੋਂ ਇਹੋ ਜਿਹਾ ਹੀ ਸਰਟੀਫਿਕੇਟ ਪੇਸ਼ ਨਾ ਕੀਤਾ ਜਾਵੇ।

(4) ਕੋਈ ਵੀ ਵਿਅਕਤੀ : -

(ੳ) ਜਿਸ ਨੇ ਕਿਸੇ ਅਜਿਹੇ ਵਿਅਕਤੀ ਨਾਲ ਸ਼ਾਦੀ/ ਵਿਆਹ ਕੀਤਾ ਹੋਵੇ ਜਾਂ ਸਗਾਈ ਕੀਤੀ ਹੋਵੇ ਜਿਸ ਦੀ ਇੱਕ ਜਿੰਦਾ ਪਤਨੀ/ ਪਤੀ ਹੋਵੇ ; ਜਾਂ

(ਅ) ਜਿਸ ਨੇ ਪਤੀ ਜਾਂ ਪਤਨੀ ਦੇ ਜੀਵਤ ਹੁੰਦੇ ਹੋਏ ਕਿਸੇ ਵੀ ਵਿਅਕਤੀ ਨਾਲ ਸ਼ਾਦੀ ਕੀਤੀ ਹੋਵੇ ਜਾਂ ਸਗਾਈ ਕੀਤੀ ਹੋਵੇ, ਸੇਵਾ ਵਿੱਚ ਨਿਯੁਕਤੀ ਲਈ ਅਯੋਗ ਹੋਵੇਗਾ ;

ਪਰੰਤੂ ਸ਼ਰਤ ਇਹ ਹੈ ਕਿ ਬੋਰਡ ਜੇਕਰ ਸੰਤੁਸ਼ਟ ਹੋਵੇ ਕਿ ਅਜਿਹੀ ਸ਼ਾਦੀ ਅਜਿਹੇ ਵਿਅਕਤੀ ਅਤੇ ਵਿਆਹ ਦੀ ਦੂਜੀ ਧਿਰ/ ਪਾਰਟੀ ਤੇ ਲਾਗੂ ਹੋਣ ਯੋਗ ਨਿੱਜੀ ਕਾਨੂੰਨ ਦੇ ਅਧੀਨ ਅਨੁਮਤੀ ਯੋਗ ਹੈ ਅਤੇ ਅਜਿਹਾ ਕਰਨ ਦੇ ਹੋਰ ਵੀ ਆਧਾਰ ਹਨ ਤਾਂ ਬੋਰਡ ਕਿਸੇ ਵੀ ਵਿਅਕਤੀ ਨੂੰ ਇਸ ਵਿਨਿਯਮ ਦੇ ਪ੍ਰਭਾਵ ਤੋਂ ਛੋਟ ਦੇ ਸਕਦਾ ਹੈ।

## 6. ਸੇਵਾ ਵਿੱਚ ਭਰਤੀ : -

ਸੇਵਾ ਵਿੱਚ ਭਰਤੀ ਨਿਯੁਕਤੀ ਅਧਿਕਾਰੀ ਦੁਆਰਾ ਹੇਠਾਂ ਦਿੱਤੇ ਗਏ ਕਿਸੇ ਵੀ ਤਰੀਕੇ ਨਾਲ, ਜਿਵੇਂ ਕਿ ਹਰ ਇੱਕ ਕੇਸ ਵਿੱਚ ਲਾਗੂ ਹੋਣ ਯੋਗ ਹੋਵੇ, ਕੀਤੀ ਜਾਵੇਗੀ : -

### (i) ਮੁੱਖ ਸਿਕਿਉਰਟੀ ਇੰਸਪੈਕਟਰ :

ਇਹ ਆਸਾਮੀ ਪਦ-ਉਨਤੀ ਦੁਆਰਾ ਜਾਂ ਪ੍ਰਤਿਨਿਯੁਕਤੀ ਦੁਆਰਾ ਭਰੀ ਜਾਵੇਗੀ, ਪਰੰਤੂ ਸ਼ਰਤ ਇਹ ਹੈ ਕਿ ਉਚਿਤ ਵਿਅਕਤੀ ਤਤਪਰ ਨਾ ਹੋਣ ਦੀ ਸੂਰਤ ਵਿੱਚ ਇਸ ਨੂੰ ਸਿੱਧੀ ਭਰਤੀ ਦੁਆਰਾ ਭਰਿਆ ਜਾ ਸਕਦਾ ਹੈ।

### (ii) ਸਿਕਿਉਰਟੀ ਇੰਸਪੈਕਟਰ : -

ੳ) ਸਹਾਇਕ ਸੁਰੱਖਿਆ ਇੰਸਪੈਕਟਰਾਂ ਵਿਚੋਂ 40 % ਪਦ ਉਨਤੀ /ਤਰੱਕੀ ਦੁਆਰਾ।

ਅ) 60 % ਰਾਜ ਸਰਕਾਰ ਤੋਂ ਉਚਿਤ ਕਰਮਚਾਰੀਆਂ ਦੀ ਸਿੱਧੀ ਭਰਤੀ/ ਪ੍ਰਤਿਨਿਯੁਕਤੀ ( Deputation) ਦੁਆਰਾ।

### (iii) ਸਹਾਇਕ ਸਿਕਿਉਰਟੀ ਇੰਸਪੈਕਟਰ : -

ੳ) ਸਿਕਿਉਰਟੀ ਗਾਰਡਾਂ ਵਿਚੋਂ 40 % ਪਦ ਉਨਤੀ /ਤਰੱਕੀ ਦੁਆਰਾ।

ਅ) 60 % ਰਾਜ ਸਰਕਾਰ ਤੋਂ ਉਚਿਤ ਕਰਮਚਾਰੀਆਂ ਦੀ ਸਿੱਧੀ ਭਰਤੀ/ ਪ੍ਰਤਿਨਿਯੁਕਤੀ ( Deputation) ਦੁਆਰਾ।

**(iv) ਸਿਕਿਉਰਟੀ ਗਾਰਡ : -**

ਘੱਟੋ ਘੱਟ 70 % ਸਿੱਧੀ ਭਰਤੀ ਦੁਆਰਾ ਅਤੇ ਬਾਕੀ ਦੇ, ਜੇਕਰ ਕੋਈ ਹੋਣ, ਰਾਜ ਸਰਕਾਰ ਤੋਂ ਉਚਿਤ ਕਰਮਚਾਰੀਆਂ ਦੀ ਪ੍ਰਤਿਨਿਯੁਕਤੀ ( Deputation) ਦੁਆਰਾ।

## 6- ੳ. ਨਿਯੁਕਤੀਆਂ ਕਰਨ ਲਈ ਅਧਿਕ੍ਰਿਤ ( Empowered ) ਅਧਿਕਾਰੀ : -

ਸੇਵਾ ( ਅਰਥਾਤ ਮੁੱਖ ਸਿਕਿਉਰਟੀ ਇੰਸਪੈਕਟਰ, ਸਿਕਿਉਰਟੀ ਇੰਸਪੈਕਟਰ, ਸਹਾਇਕ ਸਿਕਿਉਰਟੀ ਇੰਸਪੈਕਟਰ, ਸਿਕਿਉਰਟੀ ਗਾਰਡ ) ਵਿੱਚ ਨਿਯੁਕਤੀ ਡੀ. ਆਈ. ਜੀ. (ਚੌ. ਤੇ ਸੁ.) ਦੁਆਰਾ ਸਮੇਂ ਸਮੇਂ 'ਤੇ ਬੋਰਡ ਦੀ ਸਟਾਫ ਚੋਣ ਕਮੇਟੀ ਦੁਆਰਾ ਤਿਆਰ ਕੀਤੀ ਜਾਣ ਵਾਲੀ ਮੈਰਿਟ ਲਿਸਟ ਵਿਚੋਂ ਕੀਤੀ ਜਾਵੇਗੀ।

ਪਰੰਤੂ ਸ਼ਰਤ ਇਹ ਹੈ ਕਿ ਨਿਯੁਕਤੀ ਅਧਿਕਾਰੀ ਇਸ ਵਿਨਿਯਮ ਦੇ ਮੰਤਵ ਲਈ ਆਪਣੇ ਦਫਤਰ ਵਿੱਚਲੀਆਂ ਆਸਾਮੀਆਂ 'ਤੇ ਨਿਯੁਕਤੀਆਂ ਕਰਨ ਦੇ ਸਬੰਧ ਵਿੱਚ ਆਪਣੇ ਮਾਤਹਿਤ ਅਧਿਕਾਰੀ ਨੂੰ ਇਹ ਅਖਤਿਆਰ ਸੌਂਪ ਸਕਦਾ ਹੈ।

## 7. ਉਮਰ ਸੀਮਾ : -

ਕੋਈ ਵੀ ਵਿਅਕਤੀ ਜੇਕਰ ਉਹ ਆਸਾਮੀ ਲਈ ਅਪਲਾਈ ਕਰਨ ਦੀ ਮਿਤੀ ਨੂੰ ਜਾਂ ਸਮੇਂ ਸਮੇਂ 'ਤੇ ਬੋਰਡ ਦੁਆਰਾ ਨਿਸ਼ਚਿਤ ਕੀਤੀ ਕੋਈ ਹੋਰ ਅਜਿਹੀ ਮਿਤੀ ਨੂੰ 40 ਸਾਲ ਦੀ ਉਮਰ ਤੋਂ ਵੱਧ ਹੈ ਤਾਂ ਸੇਵਾ ਵਿੱਚ ਭਰਤੀ ਨਹੀਂ ਕੀਤਾ ਜਾਵੇਗਾ। ਪਰੰਤੂ ਪਦਧਾਰੀ ਦੀ ਫੌਜ ( Army ) ਜਾਂ ਪੁਲਿਸ ਵਿੱਚ ਘੱਟ ਤੋਂ ਘੱਟ 5 ਸਾਲ ਸੇਵਾ ਕੀਤੀ ਹੋਣੀ ਜ਼ਰੂਰੀ ਹੈ।

ਪਰੰਤੂ ਸ਼ਰਤ ਇਹ ਹੈ ਕਿ ਉਨ੍ਹਾਂ ਉਮੀਦਵਾਰਾਂ ਦੇ ਕੇਸ ਵਿੱਚ ਜਿਹੜੇ ਅਨੁਸੂਚਿਤ ਜਾਤੀ/ ਅਨੁਸੂਚਿਤ ਕਬੀਲੇ ਅਤੇ ਹੋਰ ਕਿਸੇ ਪਛੜੀ ਸ਼੍ਰੇਣੀ ਨਾਲ ਸਬੰਧਤ ਹਨ, ਉਪਰਲੀ ਉਮਰ ਸੀਮਾ 45 ਸਾਲ ਹੋਵੇਗੀ।

## 8. ਸਿੱਧੀ ਭਰਤੀ ਲਈ ਯੋਗਤਾਵਾਂ : -

ਸਿੱਧੀ ਭਰਤੀ ਲਈ ਯੋਗਤਾਵਾਂ ਅਜਿਹੀਆਂ ਹੋਣਗੀਆਂ ਜਿਵੇਂ ਕਿ ਬੋਰਡ ਦੁਆਰਾ ਸਮੇਂ ਸਮੇਂ 'ਤੇ ਨਿਰਧਾਰਿਤ ਕੀਤੀਆਂ ਜਾ ਸਕਦੀਆਂ ਹਨ।

**8-ੳ.** ਕੋਈ ਵੀ ਵਿਅਕਤੀ ਕਿਸੇ ਵੀ ਆਸਾਮੀ ਉਤੇ ਉਦੋਂ ਤੱਕ ਸਿੱਧੀ ਭਰਤੀ ਦੁਆਰਾ ਨਿਯੁਕਤ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ : -

ੳ) ਉਹ ਮੈਡੀਕਲ ਅਥਾਰਟੀ ਤੋਂ ਦਿਮਾਗੀ ਤੌਰ ਤੇ ਅਤੇ ਸ਼ਰੀਰਕ ਤੌਰ ਤੇ ਫਿਟ ਹੋਣ ਦਾ ਸਰਟੀਫਿਕੇਟ ਪ੍ਰਾਪਤ ਨਹੀਂ ਕਰ ਲੈਂਦਾ ਅਤੇ ਮੈਡੀਕਲ ਅਥਾਰਟੀ ਦੁਆਰਾ ਸਾਰੇ ਪੱਖਾਂ ਤੋਂ ਫਿਟ ਨਹੀਂ ਸਮਝਿਆ ਜਾਂਦਾ।

**ਨੋਟ : -** ਮੈਡੀਕਲ ਅਥਾਰਟੀ ਨੂੰ ਫੀਸ ਉਮੀਦਵਾਰ ਦੁਆਰਾ ਅਦਾਇਗੀ ਯੋਗ ਹੋਵੇਗੀ।

ਅ) ਉਸ ਦੀ ਇਕ ਤੋਂ ਵੱਧ ਪਤਨੀਆਂ ਜੀਵਤ ਨਹੀਂ ਹਨ ਜਾਂ ਔਰਤਾਂ ਦੇ ਕੇਸ ਵਿੱਚ ਉਹ ਅਜਿਹੇ ਵਿਅਕਤੀ ਨਾਲ ਵਿਆਹੀ ਹੋਈ ਨਹੀਂ ਹੈ ਜਿਸ ਦੀ ਪਹਿਲਾਂ ਹੀ ਇੱਕ ਪਤਨੀ ਜੀਵਤ ਹੈ।

ਪਰੰਤੂ ਸ਼ਰਤ ਇਹ ਹੈ ਕਿ ਬੋਰਡ ਜੇਕਰ ਇਹ ਇਸ ਗਲ ਤੋਂ ਸੰਤੁਸ਼ਟ ਹੈ ਕਿ ਅਜਿਹਾ ਕਰਨ ਲਈ ਵਿਸ਼ੇਸ਼ ਆਧਾਰ ਹਨ, ਕਿਸੇ ਵਿਅਕਤੀ ਨੂੰ ਇਸ ਸ਼ਰਤ ਦੇ ਲਾਗੂਕਰਣ ਤੋਂ ਛੋਟ ਦੇ ਸਕਦਾ ਹੈ।

ੲ) ਜਦੋਂ ਤੱਕ ਉਸ ਦਾ ਆਚਰਣ ਅਤੇ ਪੂਰਵ ਵਿਹਾਰ ਉਸ ਖੇਤਰ ਦੀ ਪੁਲਿਸ ਦੁਆਰਾ ਕੀਤੀ ਜਾਂਚ ਪੜਤਾਲ ਅਨੁਸਾਰ ਉਸ ਨੂੰ ਇਸ ਸੇਵਾ ਵਿੱਚ ਨਿਯੁਕਤੀ ਲਈ ਉਚਿਤ ਬਣਾਉਣ ਵਾਸਤੇ ਸੰਤੋਸ਼ਜਨਕ ਨਾ ਹੋਵੇ ।

ਸ) ਉਹ ਸਰਕਾਰ/ ਬੋਰਡ/ ਸਰਕਾਰੀ ਸੰਸਥਾ ਦਾ ਬਰਖ਼ਾਸਤ ਕੀਤਾ ਕਰਮਚਾਰੀ ਨਾ ਹੋਵੇ ਜਾਂ ਨੈਤਿਕ ਭ੍ਰਿਸ਼ਟਾਚਾਰ ਦੇ ਅਪਰਾਧ ਕਾਰਣ ਦੰਡਿਤ ਵਿਅਕਤੀ ਨਹੀਂ ਹੈ।

## 8-ਅ. ਲੋਦਾ ( vaccination )

ਸੇਵਾ ਦੇ ਹਰ ਇੱਕ ਮੈਂਬਰ ਨੂੰ ਜਦੋਂ ਬੋਰਡ ਵਿਸ਼ੇਸ਼ ਜਾਂ ਆਮ ਆਦੇਸ਼ ਰਾਹੀਂ ਇਸ ਤਰ੍ਹਾਂ ਹਦਾਇਤ ਕਰੇ, ਉਸ ਨੂੰ ਲੋਦਾ ਅਤੇ ਦੁਬਾਰਾ ਲੋਦਾ ਲਗਵਾਉਣਾ ਪਵੇਗਾ।

## 9. ਪਦ-ਉਨਤੀ ਰਾਹੀਂ ਨਿਯੁਕਤੀ ਲਈ ਯੋਗਤਾ : -

ਵੱਖ ਵੱਖ ਗਰੇਡਾਂ ਵਾਲੀਆਂ ਆਸਾਮੀਆਂ ਦੇ ਧਾਰਕ, ਜੇਕਰ ਉਚਿਤ ਸਮਝੇ ਜਾਣਗੇ ਤਾਂ ਆਸਾਮੀਆਂ ਵਿਰੁੱਧ ਅਗਲੇ ਉਚੇਰੇ ਗਰੇਡ ਵਿੱਚ ਪਦ- ਉਨਤੀ/ ਤਰੱਕੀ ਲਈ ਯੋਗ ਹੋਣਗੇ।

## 10. ਸਿੱਧੀ ਭਰਤੀ ਦੁਆਰਾ ਨਿਯੁਕਤੀ ਲਈ ਕਾਰਜਵਿਧੀ : -

(1) ਸਿੱਧੀ ਨਿਯੁਕਤੀ ਦੁਆਰਾ ਆਸਾਮੀਆਂ ਭਰਨ ਲਈ ਨਿਯੁਕਤੀ ਅਧਿਕਾਰੀ ਉਨ੍ਹਾਂ ਨੂੰ ਰੁਜ਼ਗਾਰ ਦਫਤਰ ( Employment Exchange ) ਨੂੰ ਅਧਿਸੂਚਿਤ ਕਰਨਗੇ ਜਾਂ ਉਨ੍ਹਾਂ ਨੂੰ ਵਿਗਿਆਪਨ ਵਿੱਚ ਦੇਣਗੇ ਅਤੇ ਸਿੱਧੇ ਤੌਰ ਤੇ ਬਿਨੈ- ਪਤਰ ਮੰਗਣਗੇ।

(2) ਸੇਵਾ ਵਿੱਚ ਸਾਰੀਆਂ ਸਿੱਧੀਆਂ ਨਿਯੁਕਤੀਆਂ ਇਸ ਮੰਤਵ ਲਈ ਬੋਰਡ ਦੁਆਰਾ ਸਥਾਪਿਤ ਕੀਤੀ ਗਈ ਚੋਣ ਕਮੇਟੀ ਰਾਹੀਂ ਉਮੀਦਵਾਰਾਂ ਦੀ ਇੰਟਰਵਿਊ ਲੈਣ ਮਗਰੋਂ ਬੋਰਡ ਦੁਆਰਾ ਕੀਤੀਆਂ ਜਾਣਗੀਆਂ।

## 11. ਪਦ-ਉਨਤੀ ਦੁਆਰਾ ਨਿਯੁਕਤੀ : -

(1) ਪਦ– ਉਨਤੀ ਦੁਆਰਾ ਨਿਯੁਕਤੀ ਸੀਨੀਅਰਤਾ ਵੱਲ ਉਚਿਤ ਧਿਆਨ ਦਿੰਦੇ ਹੋਏ ਮੈਰਿਟ ਅਤੇ ਸਾਰੇ ਪੱਖਾਂ ਤੋਂ ਉਚਿਤਤਾ ਦੇ ਆਧਾਰ ਉਤੇ ਕੀਤੀ ਜਾਵੇਗੀ। ਕੋਈ ਵੀ ਕਰਮਚਾਰੀ/ ਅਧਿਕਾਰੀ ਕੇਵਲ ਸੀਨੀਅਰਤਾ ਦੇ ਆਧਾਰ ਉਤੇ ਹੱਕ ਵਜੋਂ ਤਰੱਕੀ ਲਈ ਕਲੇਮ/ ਦਾਅਵਾ ਨਹੀਂ ਕਰੇਗਾ।

(2) ਨਿਯੁਕਤੀ ਅਧਿਕਾਰੀ ਇਹ ਯਕੀਨੀ ਬਣਾਏਗਾ ਕਿ ਕਿਸੇ ਜੂਨੀਅਰ ਅਕਿਾਰੀ/ ਕਰਮਚਾਰੀ ਦੀ ਹਿੱਤ ਵਿੱਚ ਸੀਨੀਅਰ ਨੂੰ ਨਜ਼ਰਅੰਦਾਜ਼ ਕਰਨ ਦੇ ਆਧਾਰ ਲਿਖਤੀ ਰੂਪ ਵਿੱਚ ਅਵੱਸ਼ ਰਿਕਾਰਡ ਕੀਤੇ ਜਾਣ।

## 12. ਅਜ਼ਮਾਇਸ਼ ( **Probation** ) : –

(1) (ੳ) ਸੇਵਾ ਵਿੱਚ ਨਿਯੁਕਤ ਕੀਤੇ ਗਏ ਕਰਮਚਾਰੀ/ ਅਧਿਕਾਰੀ ਦੋ ਸਾਲਾਂ ਦੇ ਸਮੇਂ ਲਈ ਅਜ਼ਮਾਇਸ਼ ਉਤੇ ਰਹਿਣਗੇ।

(ਅ) ਕਾਇਮ– ਮੁਕਾਮੀ ਸੇਵਾ ਨੂੰ ਅਜ਼ਮਾਇਸ਼ ਉਤੇ ਬਿਤਾਏ ਗਏ ਸਮੇਂ ਵਜੋਂ ਸਮਝਿਆ ਜਾਵੇਗਾ, ਪਰੰਤੂ ਕੋਈ ਵੀ ਮੈਂਬਰ ਜਿਹੜਾ ਕਿਸੇ ਨਿਯੁਕਤੀ ਵਿੱਚ ਕਾਇਮ– ਮੁਕਾਮ ਹੋਵੇ, ਸੇਵਾ ਵਿੱਚ ਦੋ (2) ਸਾਲ ਪੂਰੇ ਕਰਨ ਮਰਗੋਂ ਉਦੋਂ ਤੱਕ ਪੱਕਾ (confirmed ) ਹੋਣ ਦਾ ਹੱਕਦਾਰ ਨਹੀਂ ਹੋਵੇਗਾ ਜਦੋਂ ਤੱਕ ਉਹ ਕਿਸੇ ਸਥਾਈ ( permanent ) ਖਾਲੀ ਆਸਾਮੀ ਵਿਰੁੱਧ ਨਿਯੁਕਤ ਨਹੀਂ ਕੀਤਾ ਜਾਂਦਾ।

(ੲ) ਇਸ ਦੇ ਅਨੁਰੂਪ ਜਾਂ ਉਚੇਰੀ ਆਸਾਮੀ ਉਤੇ ਪ੍ਰਤਿਨਿਯੁਕਤੀ ( deputation ) 'ਤੇ ਕੀਤੀ ਸੇਵਾ ਨੂੰ ਇਸ ਵਿਨਿਯਮ ਅਧੀਨ ਨਿਸ਼ਚਿਤ ਕੀਤੇ ਅਜ਼ਮਾਇਸ਼ੀ ਸਮੇਂ ਵੱਲ ਗਿਣਿਆ ਜਾਵੇਗਾ।

(ਸ) ਉਸ ਮੈਂਬਰ ਦੇ ਕੇਸ ਵਿੱਚ ਜਿਸ ਦਾ ਕੰਮ ਅਤੇ / ਜਾਂ ਆਚਰਣ ਬੋਰਡ ਦੀ ਰਾਇ ਵਿੱਚ ਸੰਤੋਖਜਨਕ ਨਹੀਂ ਹੈ, ਅਜ਼ਮਾਇਸ਼ ਦਾ ਸਮਾਂ ਬੋਰਡ ਦੁਆਰਾ ਇੱਕ ਸਾਲ ਲਈ ਵਧਾਇਆ ਜਾ ਸਕਦਾ ਹੈ।

ਬਸ਼ਰਤੇ ਕਿ ਵਧਾਇਆ ਗਿਆ ਸਮਾਂ, ਜੇਕਰ ਕੋਈ ਹੋਵੇ, ਸਮੇਤ ਅਜ਼ਮਾਇਸ਼ ਦਾ ਕੁਲ ਸਮਾਂ ਕਿਸੇ ਵੀ ਕੇਸ ਵਿੱਚ 3 ਸਾਲਾਂ ਤੋਂ ਵੱਧਣਾ ਨਹੀਂ ਚਾਹੀਦਾ।

(2) ਅਜ਼ਮਾਇਸ਼ ਦਾ ਸਮਾਂ ( ਮੂਲ ਜਾਂ ਵਧਾਇਆ ਗਿਆ, ਜਿਵੇਂ ਵੀ ਕੇਸ ਹੋਵੇ ) ਸੰਤੋਖਜਨਕ ਮੁਕੰਮਲ ਹੋ ਜਾਣ ਉਤੇ, ਬੋਰਡ ਅਜਿਹੇ ਮੈਂਬਰ ਨੂੰ ਉਸਦੀ ਨਿਯੁਕਤੀ ਵਿੱਚ ਪੱਕਾ ਕਰ ਸਕਦਾ ਹੈ। ਜੇਕਰ ਉਸ ਦਾ ਕਾਰਜ ਅਤੇ/ ਜਾਂ ਆਚਰਣ ਬੋਰਡ ਦੀ ਰਾਇ ਵਿੱਚ ਅਜ਼ਮਾਇਸ਼ ਦੇ ਸਮੇਂ ਦੌਰਾਨ ਸੰਤੋਸ਼ਜਨਕ ਨਹੀਂ ਰਿਹਾ ਹੈ ਤਾਂ ਬੋਰਡ ਜੇਕਰ ਉਹ ਸਿੱਧਾ ਭਰਤੀ ਹੋਇਆ ਹੈ ਤਾਂ ਉਸ ਦੀਆਂ ਸੇਵਾਵਾਂ ਖਤਮ ਕਰ ਸਕਦਾ ਹੈ ਜਾਂ ਜੇਕਰ ਉਹ ਹੋਰਵੇਂ ਭਰਤੀ ਹੋਇਆ ਹੈ ਤਾਂ ਉਸ ਨੂੰ ਉਸ ਦੀ ਪਹਿਲੀ ਆਸਾਮੀ ਜਾਂ ਵਿਭਾਗ, ਜਿਵੇਂ ਵੀ ਕੇਸ ਹੋਵੇ, ਪਰਤਾ ( revert ) ਸਕਦਾ ਹੈ।

## 12–ੳ. ਰੈਂਕ : –

ਬਲ ( Force ) ਦੇ ਮੈਂਬਰਾਂ ਵਿੱਚ ਅਧਿਕਾਰੀਆਂ ਅਤੇ ਹੋਰ ਰੈਂਕਾਂ ਦੀਆਂ ਨਿਮਨ ਦਰਜ ਸ਼੍ਰੇਣੀਆਂ ਹੋਣਗੀਆਂ : –

(i) ਪੁਲਿਸ ਇੰਸਪੈਕਟਰ ਦੇ ਰੈਂਕ ਵਿੱਚ ਮੁੱਖ ਸਿਕਿਉਰਟੀ ਇੰਸਪੈਕਟਰ

(ii) ਪੁਲਿਸ ਦੇ ਸਬ ਇੰਸਪੈਕਟਰ/ ਸਹਾਇਕ ਸਬ- ਇੰਸਪੈਕਟਰ ਦੇ ਰੈਂਕ ਵਿੱਚ ਜਾਂ ਫੌਜ ( ਆਰਮੀ ) ਵਿੱਚ ਇਸ ਦੇ ਬਰਾਬਰ ਰੈਂਕ ਵਿੱਚ ਸਿਕਿਉਰਟੀ ਇੰਸਪੈਕਟਰ।

(iii) ਪੁਲਿਸ ਦੇ ਹੈੱਡ ਕਾਂਸਟੇਬਲ ਦੇ ਰੈਂਕ ਵਿੱਚ ਜਾਂ ਫੋਜ਼ ਵਿੱਚ ਇਸ ਦੇ ਬਰਾਬਰ ਰੈਂਕ ਵਿੱਚ ਸਹਾਇਕ ਸਿਕਿਉਰਟੀ ਇੰਸਪੈਕਟਰ

(iv) ਪੁਲਿਸ ਦੇ ਸਿਪਾਹੀ ਦੇ ਬਰਾਬਰ ਜਾਂ ਫੌਜ਼ ਵਿੱਚ ਇਸ ਦੇ ਬਰਾਬਰ ਰੈਂਕ ਵਿੱਚ ਸਿਕਿਉਰਟੀ ਗਾਰਡ।

## 12-ਅ. ਡੀ. ਆਈ. ਜੀ. ਦੀ ਨਿਯੁਕਤੀ ਅਤੇ ਅਖਤਿਆਰ : -

ਪੰ. ਰਾ. ਬਿ. ਬੋ. ਵਿੱਚ ਪ੍ਰਤਿਨਿਯੁਕਤੀ ਉਤੇ ਡੀ. ਆਈ. ਜੀ. ਸਿਕਿਉਰਟੀ ਬਲ (ਫੋਰਸ) ਦੇ ਮੁੱਖ ਕਾਰਜਕਾਰੀ ਹੋਣਗੇ ਅਤੇ ਇਸ ਨੂੰ ਉਚ ਸੁਯੋਗਤਾ, ਅਨੁਸ਼ਾਸਨ ਅਤੇ ਬਲ ਦੇ ਸਦਾਚਾਰ ਦੀ ਸਥਿਤੀ ਵਿੱਚ ਬਣਾਈ ਰੱਖਣ ਲਈ ਜਿੰਮੇਵਾਰ ਹੋਣਗੇ। ਉਹ ਇਸ ਮੰਤਵ ਲਈ ਅਜਿਹੇ ਸਾਰੇ ਕਦਮ ਜੋ ਉਹ ਉਚਿਤ ਸਮਝਣ , ਦੌਰਿਆਂ, ਨਿਰੀਖਣਾਂ, ਰਿਕਾਰਡ ਦੀ ਜਾਂਚ- ਪੜਤਾਲ, ਰਿਪੋਰਟਾਂ ਮੰਗ ਕੇ, ਬਲ ਦੇ ਪ੍ਰਸਾਸ਼ਨ ਨਾਲ ਸਬੰਧਤ ਸਾਰੇ ਮਾਮਲਿਆਂ ਉਤੇ ਹਦਾਇਤਾਂ ਜਾਰੀ ਕਰਨ ਅਤੇ ਨਿਰਦੇਸ਼ਨ ਦੇਣ ਦੇ ਜ਼ਰੀਏ ਚੁਕਣਗੇ। ਡੀ. ਆਈ. ਜੀ. ਸਿਕਿਉਰਟੀ ਫੋਰਸ ਆਪਣੇ ਆਪ ਨੂੰ ਪੰ. ਰਾ. ਬਿ. ਬੋ. ਦੇ ਚੇਅਰਮੈਨ ਨਾਲ ਸੰਪਰਕ ਵਿੱਚ ਰੱਖਣਗੇ ਅਤੇ ਬਲ (ਫੋਰਸ) ਦੀਆਂ ਸਮੱਸਿਆਵਾਂ ਅਤੇ ਜ਼ਰੂਰਤਾਂ ਬਾਰੇ ਸਮੇਂ ਸਮੇਂ 'ਤੇ ਆਪਣੇ ਆਪ ਨੂੰ ਸੂਚਿਤ ਰੱਖਣਗੇ। ਉਹ ਪੁਲਿਸ ਅਤੇ ਰਾਜ ਦੇ ਹੋਰ ਅਧਿਕਾਰੀਆਂ ( ਅਥਾਰਟੀਆਂ ) ਨਾਲ ਤਾਲਮੇਲ ( liasion ) ਕਾਇਮ ਰੱਖਣਗੇ ਤਾਂ ਕਿ ਬੋਰਡ ਦੀ ਸੰਪਤੀ ਦੀ ਹਿਫਾਜ਼ਤ ਅਤੇ ਸੁਰੱਖਿਅਤਾ ਨਾਲ ਸਬੰਧਤ ਮਾਮਲਿਆਂ ਦੇ ਸਬੰਧ ਵਿੱਚ ਰਾਜ ਪੁਲਿਸ ਅਤੇ ਬਲ (ਫੋਰਸ) ਵਿਚਕਾਰ ਪ੍ਰਭਾਵਸ਼ਾਲੀ ਸਹਿਯੋਗ ਪ੍ਰਾਪਤ ਕੀਤਾ ਜਾ ਸਕੇ।

## 12- ੲ. ਸਰਟੀਫਿਕੇਟ ਜਾਰੀ ਕਰਨਾ : -

ਬਲ ਦਾ ਹਰ ਇੱਕ ਮੈਂਬਰ ਆਪਣੀ ਨਿਯੁਕਤੀ ਹੋਣ ਉਤੇ ਡੀ. ਆਈ. ਜੀ. ਸਿਕਿਉਰਟੀ ਫੋਰਸ ਜਾਂ ਕਮਾਂਡੈਂਟ ਸਿਕਿਉਰਟੀ ਫੋਰਸ ਦੀ ਮੋਹਰ (ਸੀਲ) ਅਧੀਨ ਅਨੁਸੂਚੀ ਵਿੱਚ ਨਿਰਧਾਰਿਤ ਕੀਤੇ ਗਏ ਫਾਰਮ ਵਿੱਚ ਇਸ ਸਬੰਧ ਵਿੱਚ ਇਕ ਸਰਟੀਫਿਕੇਟ ਪ੍ਰਾਪਤ ਕਰੇਗਾ ਜਿਸ ਕਰਕੇ ਅਜਿਹੇ ਸਰਟੀਫਿਕੇਟ ਧਾਰਕ ਵਿਅਕਤੀਆਂ ਨੂੰ ਬਲ (ਫੋਰਸ) ਦੇ ਮੈਂਬਰਾਂ ਦੀਆਂ ਸ਼ਕਤੀਆਂ ਸੌਂਪੀਆਂ ਜਾਣਗੀਆਂ। ਇਹ ਸਰਟੀਫਿਕੇਟ ਆਪਣਾ ਪ੍ਰਭਾਵ ਰੱਖਣਾ ਖਤਮ ਕਰ ਦੇਵੇਗਾ ਜਦੋਂ ਇਸ ਵਿੱਚ ਨਾਮ ਅੰਕਿਤ ਵਿਅਕਤੀ ਕਿਸੇ ਵੀ ਕਾਰਨ ਕਰਕੇ ਸੁਰੱਖਿਆ ਬਲ ਦਾ ਮੈਂਬਰ ਨਹੀਂ ਰਹੇਗਾ।

## 12-ਸ. ਡਿਊਟੀਆਂ : -

ਹਰ ਇੱਕ ਨਿਗਰਾਨ ਅਧਿਕਾਰੀ ਅਤੇ ਬਲ ਦੇ ਮੈਂਬਰ ਦੀ ਇਹ ਡਿਊਟੀ ਹੋਵੇਗੀ ਕਿ : -

ੳ) ਸਟੇਸ਼ਨ 'ਤੇ ਉਸ ਦੇ ਨਿਗਰਾਨ ਅਥਾਰਟੀ ਅਤੇ ਸਭ ਤੋਂ ਸੀਨੀਅਰ ਇੰਜੀਨੀਅਰਿੰਗ ਅਫਸਰ ਦੁਆਰਾ ਉਸ ਨੂੰ ਜਾਰੀ ਕੀਤੇ ਗਏ ਸਾਰੇ ਆਦੇਸ਼ ਦੀ ਕਾਨੂੰਨੀ ਤੌਰ ਤੇ ਤੁਰੰਤ ਪਾਲਣਾ ਅਤੇ ਤਾਮੀਲੀ ਕਰੇ

ਅ) ਸਟੋਰਾਂ ਅਤੇ ਹੋਰ ਸੰਪਤੀ ਸਮੇਤ ਬੋਰਡ ਦੇ ਅਦਾਰਿਆਂ ਅਤੇ ਸੰਸਥਾਪਣਾਵਾਂ ਦੀ ਸੁਰੱਖਿਆ ਅਤੇ ਰਖਵਾਲੀ ਕਰੇ।

ੲ) ਪੰ. ਰਾ. ਬਿ. ਬੋ. ਦੀਆਂ ਅਜਿਹੀਆਂ ਸੰਚਾਰ ਲਾਈਨਾਂ ਦੀ ਸੁਰੱਖਿਆ ਅਤੇ ਰਖਵਾਲੀ ਕਰੇ ਜਿਨ੍ਹਾਂ ਦੀ ਕਿ ਵਿਸ਼ੇਸ਼ ਕਰਕੇ ਸੀਨੀਅਰ ਅਧਿਕਾਰੀਆਂ ਦੁਆਰਾ ਲੋੜ ਮਹਿਸੂਸ ਕੀਤੀ ਜਾਵੇਗੀ।

ਸ) ਹਰ ਇੱਕ ਅਜਿਹੀ ਕਾਰਵਾਈ ਕੀਤੀ ਜਾਵੇ ਜੋ ਕਿ ਬੋਰਡ ਦੀਆਂ ਸੰਸਥਾਵਾਂ ਦੀ ਸੁਰੱਖਿਆ ਅਤੇ ਬਚਾਓ ਲਈ ਸਹਾਇਕ ਹੋਵੇ।

ਕ) ਖ਼ੂਫੀਆ ਕਾਰਜ ਕਰਨਾ।

## 12-ਹ. ਬਲ ਦੀ ਨਿਗਰਾਨੀ ਅਤੇ ਪ੍ਰਸ਼ਾਸਨ : -

ਬਲ (ਫੋਰਸ) ਦੀ ਨਿਗਰਾਨੀ ਬਲ ਦੇ ਡੀ. ਆਈ. ਜੀ. ਸਿਕਿਊਰਟੀ ਨੂੰ ਸੌਂਪੀ ਜਾਵੇਗੀ ਅਤੇ ਉਸ ਦੁਆਰਾ ਨਿਗਰਾਨ ਅਧਿਕਾਰੀਆਂ ਰਾਹੀਂ ਨਿਯਮਾਂ ਅਨੁਸਾਰ ਕੀਤੀ ਜਾਵੇਗੀ। ਅਜਿਹੀਆਂ ਸੀਮਾਵਾਂ ਜਿਵੇਂ ਕਿ ਨਿਰਧਾਰਿਤ ਕੀਤੀਆਂ ਜਾਣਗੀਆਂ, ਦੇ ਅੰਦਰ ਅੰਦਰ ਫੋਰਸ ਦਾ ਪ੍ਰਸ਼ਾਸਨ ਨਿਯਮਾਂ ਅਤੇ ਉਪਬੰਧਾਂ ਦੇ ਅਨੁਸਾਰ ਅਧਿਕਾਰੀਆਂ ਦੁਆਰਾ ਕੀਤਾ ਜਾਵੇਗਾ ਅਤੇ ਹਰ ਇੱਕ ਨਿਗਰਾਨ ਅਧਿਕਾਰੀ ਜੋ ਬਿਜਲੀ ਅਤੇ ਸੰਸਥਾਵਾਂ/ ਸੰਪਤੀ ਦੀ ਸੁਰੱਖਿਆ ਅਤੇ ਬਚਾਓ ਦਾ ਇੰਚਾਰਜ ਲਾਇਆ ਗਿਆ ਹੈ, ਕਿਸੇ ਹਦਾਇਤ ਦੀ ਸ਼ਰਤ ਅਧੀਨ, ਜੋ ਕਿ ਬੋਰਡ ਦੁਆਰਾ ਇਸ ਸਬੰਧ ਵਿੱਚ ਦਿੱਤੀ ਜਾਵੇਗੀ, ਫੋਰਸ ਦੇ ਡੀ. ਆਈ. ਜੀ. ਸਿਕਿਉਰਟੀ ਦੀ ਜਨਰਲ ਨਿਗਰਾਨੀ, ਨਿਰਦੇਸ਼ਨ ਅਤੇ ਕੰਟਰੋਲ ਅਧੀਨ ਆਪਣੇ ਕਾਰਜ ਨਿਭਾਏਗਾ। ਨਿਗਰਾਨ ਅਧਿਕਾਰੀ ਆਪਣੇ ਸਬੰਧਤ ਯੂਨਿਟਾਂ ਵਿੱਚ ਬਲ ਦੀ ਸੁਯੋਗਤਾ, ਅਨੁਸ਼ਾਸਨ ਅਤੇ ਮਨੋਬਲ ਲਈ ਜਿੰਮੇਵਾਰ ਹੋਵੇਗਾ। ਉਹ ਉਨ੍ਹਾਂ ਦੀ ਕਮਾਂਡ ਅਧੀਨ ਬਲ ਦੇ ਯੂਨਿਟਾਂ ਦਾ ਨਿਯਤਕਾਲੀ ਨਿਰੀਖਣ ਕਰਨਗੇ।

ਪੁਲਿਸ ਦਾ ਸੁਪਰਡੈਂਟ ਜਾਂ ਉਸ ਦੀ ਗੈਰ- ਹਾਜ਼ਰੀ ਵਿੱਚ ਬਲ ਵਿੱਚ ਕਿਸੇ ਗਜ਼ਟੀ ਅਧਿਕਾਰੀ ਨੂੰ ਕਮਾਂਡੈਂਟ ਦੇ ਤੌਰ ਤੇ ਉਪਾਧਿਤ ( designated ) ਕੀਤਾ ਜਾਵੇਗਾ। ਉਹ ਸਮੁੱਚੀ ਬਟਾਲੀਅਨ, ਜਿਸ ਵਿੱਚ ਹੈੱਡ ਕੁਆਟਰ, ਥਰਮਲ ਪਲਾਂਟ ਬਠਿੰਡਾ ਅਤੇ ਵੱਖ ਵੱਖ ਹੋਰ ਦੂਜੀਆਂ ਯੂਨਿਟਾਂ ਵਿੱਖੇ ਤੈਨਾਤ ਬਲ ਦੇ ਮੈਂਬਰ ਸ਼ਾਮਲ ਹਨ, ਦੀ ਸੁਯੋਗਤਾ, ਅਨੁਸ਼ਾਸਨ ਅਤੇ ਮਨੋਬਲ ਲਈ ਅਤੇ ਉਸ ਅਧੀਨ ਬਲ ਦੀ ਹਰ ਇੱਕ ਸ਼ਾਖਾ ( ਬਰਾਂਚ ) ਦੇ ਉਚਿਤ ਪ੍ਰਬੰਧ ( ਮੈਨੇਜਮੈਂਟ ) ਲਈ ਜਿੰਮੇਵਾਰ ਹੋਵੇਗਾ। ਉਹ ਬਲ ਦੇ ਹਰ ਇੱਕ ਯੂਨਿਟ ਦਾ ਨਿਯਤਕਾਲੀ ਨਿਰੀਖਣ ਕਰੇਗਾ। ਉਸ ਅਧੀਨ ਬਲ ਨੂੰ ਹਰ ਇੱਕ ਆਦੇਸ਼ ਉਸ ਵਲੋਂ ਦਿੱਤਾ ਜਾਵੇਗਾ ਅਤੇ ਉਸ ਅਧੀਨ ਬਲ ਤੋਂ ਸਾਰੀਆਂ ਸੂਚਨਾਵਾਂ ਉਸ ਰਾਹੀਂ ਪਾਸ ਹੋਣਗੀਆਂ। ਕਮਾਂਡੈਂਟ ਹੈੱਡ ਕੁਆਰਟਰ ਤੋਂ ਬਾਹਰ ਤੈਨਾਤ ਬਲ ਦੇ ਦਸਤਿਆਂ ( detachaments ) ਦਾ ਨਿਯਮਿਤ ਨਿਰੀਖਣ ਕਰੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਉਹ ਉੱਚ ਨਿਪੁੰਨਤਾ ਦੀ ਅਵਸਥਾ ਵਿੱਚ ਰਹਿਣ। ਕਮਾਂਡੈਂਟ ਜ਼ਿਲਾ ਪੁਲਿਸ ਦੇ ਨਾਲ ਨਾਲ ਜ਼ਿਲੇ ਦੇ ਵੱਖ ਵੱਖ ਵਿਭਾਗਾਂ ਦੇ ਹੋਰ ਦੂਜੇ ਮੁੱਖੀਆਂ ਦੇ ਨੇੜਲੇ ਸੰਪਰਕ ਵਿੱਚ ਰਹੇਗਾ ਅਤੇ ਜ਼ਰੂਰੀ ਕਿਸਮ ਦੇ ਮਾਮਲਿਆਂ ਨੂੰ ਕਮਾਂਡੈਂਟ ਦੁਆਰਾ ਸਭ ਤੋਂ ਤੇਜ਼ ਰਫਤਾਰ ਸਾਧਨਾਂ ਦੁਆਰਾ ਡੀ. ਆਈ. ਜੀ. ਸਿਕਿਉਰਟੀ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ। ਉਹ ਖ਼ੂਫੀਆ ਵਿੰਗ ਦੀ ਕਾਰਗੁਜ਼ਾਰੀ ਵਲ ਆਪਣਾ ਨਿੱਜੀ ਧਿਆਨ ਦੇਵੇਗਾ ਅਤੇ ਯਕੀਨੀ ਬਣਾਏਗਾ ਕਿ ਖ਼ੂਫੀਆ ਸੂਚਨਾ ਨਿਪੁੰਨਤਾ ਨਾਲ ਇਕੱਤਰ ਕੀਤੀ ਜਾਂਦੀ ਹੈ ਅਤੇ ਡੀ. ਆਈ. ਜੀ. ਸਿਕਿਉਰਟੀ ਨੂੰ ਤੁਰੰਤ ਸੂਚਿਤ ਕੀਤੀ ਜਾਂਦੀ ਹੈ।

## 13. ਅਸਤੀਫ਼ਾ : -

ਸੇਵਾ ਦਾ ਮੈਂਬਰ ਕਿਸੇ ਵੀ ਸਮੇਂ 'ਤੇ ਆਪਣੀ ਨਿਯੁਕਤੀ ਤੋਂ ਅਸਤੀਫ਼ਾ ਦੇ ਸਕਦਾ ਹੈ ਪਰੰਤੂ ਉਸ ਨੂੰ ਇਸ ਤਰ੍ਹਾਂ ਕਰਨ ਲਈ ਆਪਣੀ ਮਨਸ਼ਾ ਦਾ ਨੋਟਿਸ ਦੇਣਾ ਪਵੇਗਾ। ਅਜਿਹੇ ਨੋਟਿਸ ਦਾ ਸਮਾਂ ਸਥਾਈ ( permanent ) ਕਰਮਚਾਰੀ ਦੇ ਕੇਸ ਵਿੱਚ ਤਿੰਨ ਮਹੀਨਿਆਂ ਦਾ ਅਤੇ ਆਰਜ਼ੀ ਕਰਮਚਾਰੀ ਦੇ ਕੇਸ ਵਿੱਚ ਇੱਕ ਮਹੀਨਾ ਹੋਵੇਗਾ। ਅਜਿਹਾ ਨੋਟਿਸ ਦੇਣ ਵਿੱਚ ਅਸਫਲ ਰਹਿਣ ਦੇ ਕੇਸ ਵਿੱਚ ਲੋੜੀਂਦੇ ਨੋਟਿਸ ਦੇ ਸਮੇਂ ਲਈ ਤਨਖਾਹ ਅਤੇ ਭੱਤਿਆਂ ਦੀ ਜ਼ਬਤੀ ਸ਼ਾਮਲ ਹੈ।

## 14. ਸੇਵਾ ਤੋਂ ਬਰਖ਼ਾਸਤਗੀ ( Termination ) : –

ਬੋਰਡ ਬਲ ਦੇ ਕਿਸੇ ਵੀ ਮੈਂਬਰ ਨੂੰ ਆਰਜ਼ੀ ਕਰਮਚਾਰੀ ਦੇ ਕੇਸ ਵਿੱਚ ਇਕ ਮਹੀਨੇ ਦਾ ਨੋਟਿਸ ਦੇਣ ਮਗਰੋਂ ਅਤੇ ਸਥਾਈ/ ਪੱਕੇ ਕਰਮਚਾਰੀ ਦੇ ਕੇਸ ਵਿੱਚ ਤਿੰਨ ਮਹੀਨਿਆਂ ਦਾ ਨੋਟਿਸ ਦੇਣ ਮਗਰੋਂ ਸੇਵਾ ਤੋਂ ਮੁਕਤ ਕਰ ਸਕਦਾ ਹੈ, ਜੇਕਰ ਉਹ ਸਿੱਧੀ ਨਿਯੁਕਤੀ ਦੁਆਰਾ ਨਿਯੁਕਤ ਕੀਤਾ ਗਿਆ ਸੀ ਅਤੇ ਜੇਕਰ ਉਹ ਹੋਰ ਤਰ੍ਹਾਂ ਨਿਯੁਕਤ ਕੀਤਾ ਗਿਆ ਸੀ ਤਾਂ ਉਸ ਨੂੰ ਉਸ ਦੀ ਪਿਛਲੀ ਆਸਾਮੀ ਉਤੇ ਜਾਂ ਵਿਭਾਗ ਵਿੱਚ ਪਰਤਾ ਸਕਦਾ ਹੈ।

## 15. ਸੀਨੀਅਰਤਾ : –

ਸੇਵਾ ਦੇ ਮੈਂਬਰਾਂ ਦੀ ਸੀਨੀਅਰਤਾ ਨਿਮਨ ਅਨੁਸਾਰ ਨਿਰਧਾਰਿਤ ਕੀਤੀ ਜਾਵੇਗੀ : –

(1) ਪੱਕਾਕਰਣ ਤੋਂ ਪਹਿਲਾਂ : – ਆਸਾਮੀ ਦੀ ਖਾਸ ਸ਼੍ਰੇਣੀ ਵਿੱਚ ਸੇਵਾ ਦੇ ਮੈਂਬਰਾਂ ਦੀ ਉਨ੍ਹਾਂ ਵਿਚਕਾਰ ਸੀਨੀਅਰਤਾ ਉਸ ਸ਼੍ਰੇਣੀ ਵਿੱਚ ਉਨ੍ਹਾਂ ਦੀ ਨਿਰੰਤਰ ਨਿਯੁਕਤੀ ਦੀਆਂ ਮਿਤੀਆਂ ਦੁਆਰਾ ਨਿਰਧਾਰਿਤ ਕੀਤੀ ਜਾਵੇਗੀ।

ਪਰੰਤੂ ਪਹਿਲੀ ਸ਼ਰਤ ਇਹ ਹੈ ਕਿ ਸਿੱਧੀ ਨਿਯੁਕਤੀ ਦੁਆਰਾ ਨਿਯੁਕਤ ਕੀਤੇ ਗਏ ਮੈਂਬਰਾਂ ਦੇ ਕੇਸ ਵਿੱਚ, ਚੋਣ ਕਮੇਟੀ ਦੁਆਰਾ ਨਿਰਧਾਰਿਤ ਕੀਤੀ ਗਈ ਮੈਰਿਟ ਦੇ ਕ੍ਰਮ ਨੂੰ ਨਹੀਂ ਛੇੜਿਆ ਜਾਵੇਗਾ ਜਿਥੋਂ ਤੱਕ ਆਸਾਮੀ ਦੀ ਸ਼੍ਰੇਣੀ, ਜਿਸ ਵਿੱਚ ਸਿੱਧੀ ਨਿਯੁਕਤੀ ਕੀਤੀ ਗਈ ਸੀ, ਵਿੱਚਲੀ ਸੀਨੀਅਰਤਾ ਦਾ ਸਬੰਧ ਹੈ ਅਤੇ ਪਹਿਲਾਂ ਹੋਈ ਚੋਣ ਦੀ ਨਤੀਜੇ ਵਜੋਂ ਨਿਯੁਕਤ ਕੀਤਾ ਗਿਆ ਵਿਅਕਤੀ ਉਸ ਵਿਅਕਤੀ ਤੋਂ ਸੀਨੀਅਰ ਹੋਵੇਗਾ ਜੋ ਬਾਦ ਵਿੱਚ ਹੋਈ ਚੋਣ ਦੇ ਨਤੀਜੇ ਵਜੋਂ ਨਿਯੁਕਤ ਹੋਇਆ ਹੈ।

ਪਰੰਤੂ ਦੂਜੀ ਸ਼ਰਤ ਇਹ ਹੈ ਕਿ ਚੋਣ ਦੇ ਇਕੋ ਬੈਚ ਵਿੱਚ ਇਕੋ ਜਿਹੇ ਨੰਬਰ ਪ੍ਰਾਪਤ ਕਰਨ ਵਾਲੇ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਦੇ ਕੇਸ ਵਿੱਚ ਸੀਨੀਅਰਤਾ ਨਿਮਨ ਅਨੁਸਾਰ ਨਿਰਧਾਰਿਤ ਕੀਤੀ ਜਾਵੇਗੀ : –

(ੳ) ਉਮਰ ਦੇ ਕ੍ਰਮ ਅਨੁਸਾਰ, ਵੱਡੀ ਉਮਰ ਦੇ ਵਿਅਕਤੀ ਨੂੰ ਛੋਟੀ ਉਮਰ ਦੇ ਵਿਅਕਤੀ ਤੋਂ ਉਪਰ ਰੱਖਿਆ ਜਾਵੇਗਾ ; ਅਤੇ

(ਅ) ਤਰੱਕੀ ਦੁਆਰਾ ਨਿਯੁਕਤ ਕੀਤੇ ਗਏ ਸੇਵਾ ਦੇ ਮੈਂਬਰਾਂ ਦੇ ਕੇਸ ਵਿੱਚ, ਹੇਠਲੀ ਸ਼੍ਰੇਣੀ ਜਿਸ ਵਿਚੋਂ ਉਹ ਪਦ– ਉਨਤ ਕੀਤੇ ਗਏ ਹਨ, ਵਿੱਚਲੀ ਉਨ੍ਹਾਂ ਦੀ ਸਬੰਧਤ ਸੀਨੀਅਰਤਾ ਅਨੁਸਾਰ ਹੋਵੇਗੀ, ਜਦੋਂ ਤੱਕ ਹੇਠਲੀ ਸ਼੍ਰੇਣੀ ਦਾ ਮੈਂਬਰ ਉਸੇ ਸ਼੍ਰੇਣੀ ਦੇ ਕਿਸੇ ਹੋਰ ਮੈਂਬਰ, ਜੋ ਉਸ ਨਾਲੋਂ ਸੀਨੀਅਰ ਹੋਵੇ ਅਤੇ ਬਾਦ ਵਾਲਾ ਤਰੱਕੀ ਲਈ ਅਣਉਚਿਤ ਜਾਂ ਅਯੋਗ ਹੋਣ ਕਰਕੇ ਨਜ਼ਰ–ਅੰਦਾਜ਼ ਕਰ ਦਿੱਤਾ ਗਿਆ ਹੋਵੇ, ਨਾਲੋਂ ਪਹਿਲਾਂ ਤਰੱਕੀ ਪ੍ਰਾਪਤ ਨਾ ਕੀਤੀ ਹੋਵੇ, ਅਜਿਹੇ ਕੇਸ ਵਿੱਚ ਹੇਠਲੀ

ਸ਼੍ਰੇਣੀ ਦਾ ਪਹਿਲਾਂ ਤਰੱਕੀ ਪਾਉਣ ਵਾਲਾ ਮੈਂਬਰ ਹੇਠਲੀ ਸ਼੍ਰੇਣੀ ਦੇ ਅਜਿਹੇ ਦੂਜੇ ਮੈਂਬਰ, ਜੋ ਅਤੇ ਜਦੋਂ ਬਾਦ ਵਾਲਾ ਤਰੱਕੀ ਪ੍ਰਾਪਤ ਕਰੇਗਾ ਨਾਲੋਂ ਉਚੇਰੀ ਸ਼੍ਰੇਣੀ ਵਿੱਚ ਉਪਰਲਾ ਰੈਂਕ ਲਵੇਗਾ।

ਪਰੰਤੂ ਤੀਜੀ ਸ਼ਰਤ ਇਹ ਹੈ ਕਿ ਸੇਵਾ ਦਾ ਮੈਂਬਰ, ਜੋ ਸਿੱਧੀ ਭਰਤੀ ਦੁਆਰਾ ਨਿਯੁਕਤ ਕੀਤਾ ਗਿਆ ਹੋਵੇ, ਹੇਠਲੀ ਸ਼੍ਰੇਣੀ ਤੋਂ ਤਰੱਕੀ ਦੁਆਰਾ ਨਿਯੁਕਤ ਕੀਤੇ ਗਏ ਸੇਵਾ ਦੇ ਉਹਨਾਂ ਸਾਰੇ ਮੈਂਬਰਾਂ ਤੋਂ ਸੀਨੀਅਰ ਹੋਵੇਗਾ, ਜਿਹੜੇ ਚੋਣ ਦੇ ਉਸੇ ( same ) ਬੈਚ ਵਿਚੋਂ ਸਿੱਧੀ ਨਿਯੁਕਤੀ ਰਾਹੀਂ ਕਿਸੇ ਮੈਂਬਰ ਦੀ ਨਿਯੁਕਤੀ ਮਗਰੋਂ ਸੇਵਾ ਵਿੱਚ ਨਿਯੁਕਤ ਕੀਤੇ ਗਏ ਹੋਣ।

ਪਰੰਤੂ ਚੌਥੀ ਸ਼ਰਤ ਇਹ ਹੈ ਕਿ ਬਦਲੀ ਦੁਆਰਾ ਨਿਯੁਕਤ ਕੀਤੇ ਗਏ ਸੇਵਾ ਦੇ ਕਿਸੇ ਮੈਂਬਰ ਦੀ ਸੀਨੀਅਰਤਾ ਬੋਰਡ ਦੁਆਰਾ ਹਰ ਇੱਕ ਕੇਸ ਦੀ ਮੈਰਿਟ ਉਤੇ ਨਿਰਧਾਰਿਤ ਕੀਤੀ ਜਾਵੇਗੀ।

ਪੰਜਵੀਂ ਸ਼ਰਤ ਇਹ ਹੈ ਕਿ ਜੇਕਰ ਸੇਵਾ ਦਾ ਕੋਈ ਮੈਂਬਰ ਆਪਣੇ ਤੋਂ ਸੀਨੀਅਰ ਵਿਅਕਤੀ ਤੋਂ ਪਹਿਲਾਂ, ਸੀਨੀਅਰ ਵਿਅਕਤੀ ਦੀ ਅਨਿਪੁੰਨਤਾ ਜਾਂ ਤਰੱਕੀ ਲਈ ਉਸ ਦੀ ਅਯੋਗਤਾ ਤੋਂ ਹੋਰਵੇਂ ਕਾਰਨਾਂ ਕਰਕੇ, ਆਸਾਮੀ ਉਤੇ ਆਰਜ਼ੀ ਤੌਰ ਤੇ ਤਰੱਕੀ ਪ੍ਰਾਪਤ ਕਰ ਲਵੇ ਤਾਂ ਉਨ੍ਹਾਂ ਦੀ ਪਰਸਪਰ ਸੀਨੀਅਰਤਾ ਉਸ ਸ਼੍ਰੇਣੀ ਜਿਸ ਵਿਚੋਂ ਉਨ੍ਹਾਂ ਨੇ ਤਰੱਕੀ ਲਈ ਸੀ, ਵਿਚਲੀ ਆਪੋ ਆਪਣੀ ਸੀਨੀਅਰਤਾ ਅਨੁਸਾਰ ਹੋਵੇਗੀ ਅਤੇ ਇਸ ਤਰ੍ਹਾਂ ਤਰੱਕੀ ਪ੍ਰਾਪਤ/ ਪਦ-ਉਨਤ ਜੂਨੀਅਰ ਵਿਅਕਤੀ ਆਪਣੇ ਸੀਨੀਅਰ ਤੋਂ ਉਪਰ ਸੀਨੀਅਰਤਾ ਕਲੇਮ ਨਹੀਂ ਕਰੇਗਾ।

(2) **ਪੱਕਾ ਕਰਣ ( confirmation ) ਮਗਰੋਂ** : - ਜੋ ਮੈਂਬਰ ਕਿਸੇ ਸ਼੍ਰੇਣੀ ਵਿੱਚ ਪੱਕੇ ਹੋ ਗਏ ਹੋਣ, ਉਨ੍ਹਾਂ ਦੀ ਪੱਕਾ ਕਰਣ ਦੀ ਸਬੰਧਤ ਮਿਤੀ ਅਨੁਸਾਰ ਹੋਵੇਗੀ ;

ਪਰੰਤੂ ਸ਼ਰਤ ਇਹ ਹੈ ਕਿ ਜਦੋਂ ਦੋ ਜਾਂ ਦੋ ਤੋਂ ਵੱਧ ਮੈਂਬਰ ਇਕੋ ( same ) ਮਿਤੀ ਨੂੰ ਪੱਕੇ ਹੋਏ ਹੋਣ, ਉਹਨਾਂ ਦੀ ਸੀਨੀਅਰਤਾ ਉਸੇ ਕ੍ਰਮ ਵਿੱਚ ਰੱਖੀ ਜਾਵੇਗੀ ਜਿਸ ਵਿੱਚ ਉਹ ਪੱਕਾ ਕਰਣ ਤੋਂ ਤੁਰੰਤ ਪਹਿਲਾਂ ਇਕ ਦੂਜੇ ਦੇ ਸਬੰਧ ਵਿੱਚ ਖੜੀ ਸੀ।

## 16. ਸੇਵਾ ਦੇ ਮੈਂਬਰਾਂ ਦੀ ਤਨਖਾਹ : -

ਸੇਵਾ ਦੇ ਮੈਂਬਰ ਤਨਖਾਹ ਦੇ ਅਜਿਹੇ ਸਕੇਲਾਂ ਦੇ ਹੱਕਦਾਰ ਹੋਣਗੇ ਜਿਹੜੇ ਕਿ ਸਮੇਂ ਸਮੇਂ 'ਤੇ ਬੋਰਡ ਦੁਆਰਾ ਨਿਰਧਾਰਿਤ ਕੀਤੇ ਜਾ ਸਕਦੇ ਹਨ।

ਪਰੰਤੂ ਸ਼ਰਤ ਇਹ ਹੈ ਕਿ ਬੋਰਡ ਅਤਿਰਿਕਤ ਯੋਗਤਾਵਾਂ ਅਤੇ ਤਜਰਬੇ ਨੂੰ ਮਾਨਤਾ ਦੇਂਦੇ ਹੋਏ, ਸੇਵਾ ਵਿੱਚ ਨਿਯੁਕਤ ਕੀਤੇ ਕਿਸੇ ਵੀ ਵਿਅਕਤੀ ਨੂੰ ਸਕੇਲ ਦੀ ਘੱਟ ਤੋਂ ਘੱਟ ਤਨਖਾਹ ਤੋਂ ਵਧੇਰੇ ਮੁਢਲਾ ਆਰੰਭ ਦੇ ਸਕਦਾ ਹੈ।

## 17. ਛੁੱਟੀ, ਪੈਨਸ਼ਨ ਅਤੇ ਹੋਰ ਮਾਮਲੇ : -

ਛੁੱਟੀ, ਪੈਨਸ਼ਨ ਅਤੇ ਹੋਰ ਸਬੰਧਤ ਮਾਮਲਿਆਂ ਦੇ ਸਬੰਧ ਵਿੱਚ ਜਿਨ੍ਹਾਂ ਬਾਰੇ ਇਹਨਾਂ ਵਿਨਿਯਮਾਂ ਵਿੱਚ ਸਪਸ਼ਟ ਰੂਪ ਵਿੱਚ ਉਪਬੰਧ ਨਹੀਂ ਕੀਤਾ ਗਿਆ ਹੈ, ਸੇਵਾ ਦੇ ਮੈਂਬਰਾਂ ਨੂੰ ਅਜਿਹੇ ਵਿਨਿਯਮਾਂ ਦੁਆਰਾ ਸ਼ਾਸ਼ਤ ਕੀਤਾ ਜਾਵੇਗਾ ਜੋ ਬਿਜਲੀ ( ਸਪਲਾਈ ) ਐਕਟ, 1948 ਦੀ ਧਾਰਾ 79 (ੲ) ਅਧੀਨ ਬੋਰਡ ਦੁਆਰਾ ਬਣਾਏ ਗਏ ਹਨ ਜਾਂ ਇਸ ਮਗਰੋਂ ਬਣਾਏ ਜਾਣਗੇ।

## 18. ਸਿਖਲਾਈ ( Training ) : -

ਡੀ. ਆਈ. ਜੀ. ਨਿਮਨ ਦਰਜ ਵਿਸ਼ਿਆਂ ਵਿੱਚ ਜਾਂ ਕਿਸੇ ਹੋਰ ਵਿਸ਼ੇ, ਜਿਹੜਾ ਉਹ ਉਚਿਤ ਸਮਝੇ, ਵਿੱਚ ਬਲ ਦੀ ਸਿਖਲਾਈ ( ਟ੍ਰੇਨਿੰਗ ) ਲਈ ਟ੍ਰੇਨਿੰਗ ਮੈਨੂਅਲ ਤਿਆਰ ਕਰੇਗਾ। ਬਲ ਲਈ ਟ੍ਰੇਨਿੰਗ ਸਟਾਫ ਦੇ ਮੈਂਬਰਾਂ ਨੂੰ ਵੀ ਇਨ੍ਹਾਂ ਵਿਨਿਯਮਾਂ ਦੀਆਂ ਸੇਵਾ ਸ਼ਰਤਾਂ ਦੁਆਰਾ ਸ਼ਾਸ਼ਤ ਕੀਤਾ ਜਾਵੇਗਾ : -

(i) ਯੂਨੀਫਾਰਮ ਠੀਕ ਪਹਿਨਣੀ।

(ii) ਫੌਜ਼ਦਾਰੀ ਕਾਰਜਵਿਧੀ ਕੋਡ, ਭਾਰਤੀ ਦੰਡ ਸਬੰਧੀ ਕੋਡ ( Penal Code ), ਭਾਰਤੀ ਬਿਜਲੀ ਐਕਟ, ਕਰਮਚਾਰੀ ਗੁਪਤ ( secrets ) ਐਕਟ, ਡੀ. ਆਈ. ਆਰ., ਐਮ. ਆਈ. ਐਸ. ਏ. ਆਦਿ ਦੇ ਜ਼ਰੂਰੀ ਉਪਬੰਧਾਂ ।

(iii) ਉਦਯੋਗਿਕ ਸੁਰੱਖਿਆ ਜਿਸ ਵਿੱਚ ਸਰੀਰਕ ਸੁਰੱਖਿਆ, ਅੰਦਰੂਨੀ ਸੁਰੱਖਿਆ, ਵਿਭਾਗੀ ਸੁਰੱਖਿਆ ਅਤੇ ਕਰਮਚਾਰੀਆਂ ਦੀ ਸੁਰੱਖਿਆ ਸਮੇਤ ਤਲਾਸ਼ੀ (search), ਗੇਟਾਂ ਦੀ ਸੁਰੱਖਿਆ, ਗੇਟਾਂ ਦੀ ਚੈਕਿੰਗ, ਰੋਜ਼ਾਨਾ ਡਾਇਰੀ ਦੀ ਸਮੱਗਰੀ ਸੰਭਾਲ ਲਈ ਗੇਟ ਪਾਸਾਂ ਦੀ ਚੈਕਿੰਗ ਸ਼ਾਮਲ ਹੈ।

(iv) ਗੁਪਤ ਸੂਚਨਾਵਾਂ ਇਕੱਠਾ ਕਰਨ ਦਾ ਸਿਸਟਮ ;

(v) ਅੱਗ ਬੁਝਾਉਣ, ਸਿਵਲ ਸੁਰੱਖਿਆ, ਫਸਟ ਏਡ ਆਦਿ,

(vi) ਹਰ ਇੱਕ ਕੋਰਸ ਲਈ ਸਿਲੇਬਸ ਅਤੇ ਅਵਧੀ ਟ੍ਰੇਨਿੰਗ ਮੈਨੂਅਲ ਵਿੱਚ ਦਿੱਤੀ ਜਾਵੇਗੀ।

## 19. ਸੇਵਾ/ ਬਦਲੀਆਂ ਲਈ ਜ਼ਿੰਮੇਵਾਰੀ : -

ਸੇਵਾ ਦਾ ਹਰ ਇੱਕ ਮੈਂਬਰ ਡੀ. ਆਈ. ਜੀ. ਦੁਆਰਾ ਜਾਂ ਉਸ ਦੁਆਰਾ ਵਿਸ਼ੇਸ਼ ਤੌਰ ਤੇ ਅਧਿਕਾਰਿਤ ਕੀਤੇ ਗਏ ਕਿਸੇ ਹੋਰ ਅਧਿਕਾਰੀ ਦੁਆਰਾ ਪ੍ਰਬੰਧਕੀ ਆਧਾਰ ਉਤੇ ਬੋਰਡ ਦੇ ਅਧਿਕਾਰ ਖੇਤਰ ਦੇ ਅੰਦਰ ਅੰਦਰ ਕਿਸੇ ਇਕ ਸਥਾਨ ਤੋਂ ਕਿਸੇ ਹੋਰ ਸਥਾਨ ਉਤੇ ਕਿਸੇ ਵੀ ਸਮੇਂ ਸੇਵਾ/ ਬਦਲੀ ਦੇ ਲਈ ਯੋਗ ਹੋਵੇਗਾ।

## 20. ਆਚਰਣ : -

ਸੁਰੱਖਿਆ ਬਲ ( Security Force ) ਦੇ ਮੈਂਬਰਾਂ ਦੇ ਆਚਰਣ ਨੂੰ ਸਮੇਂ ਸਮੇਂ ਤੇ ਸੋਧੇ ਗਏ ਪੰ. ਰਾ. ਬਿ. ਬੋ. ਕਰਮਚਾਰੀ ਆਚਰਣ ਵਿਨਿਯਮ, 1971 ਦੁਆਰਾ ਸ਼ਾਸ਼ਤ ਕੀਤਾ ਜਾਵੇਗਾ।

## 21. ਅਨੁਸ਼ਾਸਨ, ਦੰਡ ਅਤੇ ਅਪੀਲ : -

(1) ਅਨੁਸ਼ਾਸਨ, ਦੰਡ ਅਤੇ ਅਪੀਲ ਨਾਲ ਸਬੰਧਤ ਮਾਮਲਿਆਂ ਵਿੱਚ, ਸੇਵਾ ਦੇ ਮੈਂਬਰਾਂ ਨੂੰ ਸਮੇਂ ਸਮੇਂ ਤੇ ਸੋਧੇ ਗਏ ਅਨੁਸਾਰ ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ( ਸਜ਼ਾ ਅਤੇ ਅਪੀਲ ) ਵਿਨਿਯਮ 1971 ਦੁਆਰਾ ਸ਼ਾਸ਼ਤ ਕੀਤਾ ਜਾਵੇਗਾ।

ਪਰੰਤੂ ਸ਼ਰਤ ਇਹ ਹੈ ਕਿ ਦੰਡ ਦੀ ਕਿਸਮ, ਜੋ ਲਾਈ ਜਾਣੀ ਹੈ, ਅਜਿਹਾ ਦੰਡ ਲਗਾ ਸਕਣ ਵਾਲਾ ਅਖਤਿਆਰੀ ਅਧਿਕਾਰੀ ਅਤੇ ਅਪੀਲੀ ਅਧਿਕਾਰੀ ਅੰਤਕਾ – 'ਅ' ਵਿੱਚ ਨਿਸ਼ਚਿਤ ਕੀਤੇ ਗਏ ਅਨੁਸਾਰ ਹੋਵੇਗਾ।

(2) ਬਲ ਦੇ ਸਾਰੇ ਮੈਂਬਰ ਉਚਿਤ ਅਨੁਸ਼ਾਸਨ ਵਿੱਚ ਅਵੱਸ਼ ਰਹਿਣਗੇ। ਸੁਰੱਖਿਆ ਬਲ ਦੇ ਮੈਂਬਰ ਡਿਊਟੀ ਦੀ ਕੋਈ ਉਲੰਘਣਾ ਕਰਨ ਦਾ ਦੋਸ਼ੀ ਪਾਇਆ ਗਿਆ ਜਾਂ ਕਿਸੇ ਕਾਨੂੰਨੀ ਆਦੇਸ਼ ਨੂੰ ਜਾਣ- ਬੁਝ ਕੇ ਤੋੜਨ ਜਾਂ ਅਣਗਹਿਲੀ ਵਰਤਣ ਦਾ ਦੋਸ਼ੀ ਪਾਇਆ ਗਿਆ ਜਾਂ ਜਿਹੜਾ ਬਿਨਾਂ ਕਿਸੇ ਅਨੁਮਤੀ ਦੇ ਡਿਊਟੀ ਤੋਂ ਪਿੱਛੇ ਹਟਦਾ ਹੈ ਜਾਂ ਜਿਹੜਾ ਬਿਨਾਂ ਕਿਸੇ ਉਚਿਤ ਕਾਰਨ ਦੇ ਡਿਊਟੀ ਤੋਂ ਗੈਰ- ਹਾਜ਼ਰ ਰਹਿੰਦਾ ਹੈ ਜਾਂ ਜੋ ਆਪਣੀ ਡਿਊਟੀ ਤੋਂ ਹੋਰਵੇਂ ਕਿਸੇ ਰੁਜ਼ਗਾਰ ਵਿੱਚ ਲਗਦਾ ਹੈ ਜਾਂ ਜੋ ਸੁਰੱਖਿਆ ਬਲ ਦੇ ਕਿਸੇ ਮੈਂਬਰ ਦਾ ਅਣਉਚਿਤ ਵਿਵਹਾਰ ਦੇ ਅਪਰਾਧ ਦਾ ਦੋਸ਼ੀ ਹੋਵੇਗਾ ਤਾਂ ਉਸ ਨੂੰ ਆਪਣੀ ਡਿਊਟੀ ਤੋਂ ਬਰਖਾਸਤ/ ਸੇਵਾ ਮੁਕਤ ਕਰਨ ਦੇ ਯੋਗ ਹੋਵੇਗਾ/ ਹੋ ਸਕਦਾ ਹੈ।

(3) **ਨਗੂਣੀਆਂ ਸਜ਼ਾਵਾਂ** : – ਸੁਰੱਖਿਆ ਗਾਰਡਾਂ ਨੂੰ ਸਜ਼ਾ ਦੇ ਤੌਰ ਤੇ ਵਧੀਕ ਡਰਿੱਲ, ਗਾਰਡ, ਫਟੀਕ ( fatigue ) ਜਾਂ ਕੋਈ ਹੋਰ ਡਿਊਟੀ ਜੋ 14 ਦਿਨਾਂ ਤੋਂ ਵੱਧ ਨਹੀਂ ਹੋਵੇਗੀ, ਵੀ ਦਿੱਤੀ ਜਾ ਸਕਦੀ ਹੈ।

**ਵਿਆਖਿਆ** : – ਨਗੂਣੀ ਸਜ਼ਾ ਸਾਧਾਰਣ ਤੌਰ ਤੇ ਗਜ਼ਟੀ ਅਧਿਕਾਰੀ ਦੁਆਰਾ ਬੈਰਕ ਰੂਮ ( Orderly Room ) ਵਿੱਚ ਦਿੱਤੀ ਜਾਵੇਗੀ।

(4) **ਅਨੁਸ਼ਾਸਨੀ ਅਧਿਕਾਰੀ** : – ਕਿਸੇ ਖਾਸ ਸਜ਼ਾ ਲਾਉਣ ਜਾਂ ਕਿਸੇ ਅਨੁਸ਼ਾਸਨਾਤਮਕ ਆਦੇਸ਼ ਪਾਸ ਕਰਨ ਦੇ ਮੰਤਵ ਲਈ ਬਲ ਦੇ ਕਿਸੇ ਮੈਂਬਰ ਦੇ ਸਬੰਧ ਵਿੱਚ ਅਨੁਸ਼ਾਸਨੀ ਅਧਿਕਾਰੀ ( authority ) ਉਹ ਅਧਿਕਾਰੀ ਹੋਵੇਗਾ ਜਿਸ ਦੇ ਪ੍ਰਸ਼ਾਸਨੀ ਕੰਟਰੋਲ ਅਧੀਨ ਮੈਂਬਰ ਸੇਵਾ ਕਰ ਰਿਹਾ ਹੋਵੇ ਅਤੇ ਇਸ ਵਿੱਚ ਅਜਿਹੇ ਅਧਿਕਾਰੀ ਤੋਂ ਉਚ ( superior ) ਕੋਈ ਵੀ ਅਧਿਕਾਰੀ ਸ਼ਾਮਲ ਹੈ।

**22. ਜਨਰਲ : –**

ਅਜਿਹੇ ਸਾਰੇ ਮਾਮਲਿਆਂ ਸਬੰਧੀ, ਜਿਨ੍ਹਾਂ ਬਾਰੇ ਇਨ੍ਹਾਂ ਵਿਨਿਯਮਾਂ ਵਿੱਚ ਸਪਸ਼ਟ ਤੌਰ ਤੇ ਉਪਬੰਧ ਨਹੀਂ ਕੀਤਾ ਗਿਆ, ਸੇਵਾ ਦੇ ਮੈਂਬਰਾਂ ਨੂੰ ਅਜਿਹੇ ਜਨਰਲ ਵਿਨਿਯਮਾਂ, ਜੋ ਬੋਰਡ ਦੁਆਰਾ ਬਣਾਏ ਗਏ ਹੋਣ ਜਾਂ ਇਸ ਮਗਰੋਂ ਸਮੇਂ ਸਮੇਂ 'ਤੇ ਬਣਾਏ ਜਾਣੇ ਹਨ, ਦੁਆਰਾ ਸ਼ਾਸ਼ਤ ਕੀਤਾ ਜਾਵੇਗਾ।

**23. ਵਿਆਖਿਆ ( Interpretation )**

ਜੇਕਰ ਇਨ੍ਹਾਂ ਵਿਨਿਯਮਾਂ ਦੀ ਵਿਆਖਿਆ ਦੇ ਸਬੰਧ ਵਿੱਚ ਕੋਈ ਪ੍ਰਸ਼ਨ ਉਠਦਾ ਹੈ ਤਾਂ ਇਹ ਚੇਅਰਮੈਨ ਨੂੰ ਭੇਜ ਦਿੱਤਾ ਜਾਵੇਗਾ ਜਿਸ ਦਾ ਫੈਸਲਾ ਅੰਤਮ ਹੋਵੇਗਾ।

**24. ਰਿਆਇਤ ਦੇਣ ਸਬੰਧੀ ਅਖਤਿਆਰ : –**

ਜਦੋਂ ਬੋਰਡ ਦੀ ਇਸ ਗਲੋਂ ਤਸੱਲੀ ਹੋ ਜਾਵੇ ਕਿ ਇਨ੍ਹਾਂ ਵਿਨਿਯਮਾਂ ਵਿਚੋਂ ਕਿਸੇ ਦੇ ਅਮਲ ਵਿੱਚ ਆਉਣ ਨਾਲ ਕਿਸੇ ਇਕ ਵਿਸ਼ੇਸ਼ ਕੇਸ ਵਿੱਚ ਅਯੋਗ ਸਖਤੀ ਵਰਤੀ ਜਾ ਰਹੀ ਹੈ, ਤਾਂ ਉਹ ਹੁਕਮ ਜਾਰੀ ਕਰਕੇ ਉਸ ਵਿਨਿਯਮ ਨੂੰ , ਖਤਮ ਕਰ ਸਕਦਾ ਹੈ ਜਾਂ ਉਸ ਵਿਨਿਯਮ ਦੀਆਂ ਲੋੜਾਂ ਵਿੱਚ ਉਤਨੀ ਹੱਦ ਤੱਕ ਅਤੇ ਅਜਿਹੀਆਂ ਸ਼ਰਤਾਂ ਦੀ ਸ਼ਰਤ ਅਧੀਨ ਰਿਆਇਤ ਦੇ ਸਕਦਾ ਹੈ, ਜਿਤਨੀਆਂ ਅਤੇ ਜਿਹੜੀਆਂ ਨੂੰ ਕਿ ਬੋਰਡ ਕੇਸ ਦਾ ਨਿਆਂਪੂਰਵਕ ਅਤੇ ਹੱਕੀ ਢੰਗ ਨਾਲ ਨਿਪਟਾਰਾ ਕਰਨ ਲਈ ਜ਼ਰੂਰੀ ਸਮਝੇ।

ਬਾਹੁਕਮ ਬੋਰਡ

ਸਕੱਤਰ,
ਪੰਜਾਬ ਰਾਜ ਬਿਜਲੀ ਬੋਰਡ,
ਪਟਿਆਲਾ।

## ਅਨੁਸੂਚੀ ( SCHEDULE )

( ਵਿਨਿਯਮ 12– ੲ ਵੇਖੋ )

ੳ ਅ ਨੂੰ ਪੰ. ਰਾ. ਬਿ. ਬੋ. ਸੁਰੱਖਿਆ ਬਲ ਸੇਵਾ ਵਿਨਿਯਮ, 1976 ਅਧੀਨ ਪੰਜਾਬ ਰਾਜ ਬਿਜਲੀ ਬੋਰਡ ਸੁਰੱਖਿਆ ਬਲ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ ਅਤੇ ਬਲ ਦੇ ਮੈਂਬਰ ਦੇ ਅਖਤਿਆਰ, ਕੰਮ ਅਤੇ ਵਿਸ਼ੇਸ਼ ਅਧਿਕਾਰ ( privileges ) ਸੌਂਪੇ ਗਏ ਹਨ।

**ਡੀ. ਆਈ. ਜੀ. (ਚੋ. ਤੇ ਸੁ.)**

*****

## ਅੰਤਿਕਾ – 'ੳ'

**( ਵਿਨਿਯਮ – 1 (3), ਵਿਨਿਯਮ – 3 ਅਤੇ ਵਿਨਿਯਮ – 16 ਵਿੱਚ ਦਿੱਤਾ ਗਿਆ ਹਵਾਲਾ )**

| ਆਸਾਮੀ ਦਾ ਨਾਂ |
|---|
| ਮੁੱਖ ਸਿਕਿਉਰਟੀ ਇੰਸਪੈਕਟਰ |
| ਸਿਕਿਉਰਟੀ ਇੰਸਪੈਕਟਰ |
| ਸਹਾਇਕ ਸਿਕਿਉਰਟੀ ਇੰਸਪੈਕਟਰ |
| ਸਿਕਿਉਰਟੀ ਗਾਰਡ |

# ਅੰਤਿਕਾ – 'ਅ'

( ਵਿਨਿਯਮ – 21 ਵਿੱਚ ਦਿੱਤਾ ਗਿਆ ਹਵਾਲਾ )

| ਕ੍ਰਮ ਨੰ: | ਦੰਡ/ ਸਜ਼ਾ ਦੀ ਕਿਸਮ | ਦੰਡ ਲਾਉਣ ਲਈ ਸਮਰੱਥ ਅਥਾਰਟੀ | ਅਪੀਲੀ ਅਥਾਰਟੀ |
|---|---|---|---|
| 1 | 2 | 3 | 4 |
| 1 | ਮਾਮੂਲੀ ਸਜਾਵਾਂ<br>i) ਨਿਖੇਧੀ ਕਰਨਾ<br><br>ii) ਤਰੱਕੀਆਂ ਰੋਕਣਾ<br><br>iii) ਆਦੇਸ਼ਾਂ ਦੀ ਅਣਗਹਿਲੀ ਕਰਨ ਜਾਂ ਉਲੰਘਣਾ ਕਰਨ ਕਰਕੇ ਬੋਰਡ ਨੂੰ ਹੋਏ ਕਿਸੇ ਸਮੁੱਚੇ ਮਾਇਕ ਨੁਕਸਾਨ ਜਾਂ ਉਸ ਦੇ ਕਿਸੇ ਹਿੱਸੇ ਦੀ ਪੂਰਤੀ ਲਈ ਤਨਖਾਹ ਵਿੱਚੋਂ ਵਸੂਲੀ।<br><br>iv) ਸੰਚਿਤ ਪ੍ਰਭਾਵ ਤੋਂ ਬਿਨਾਂ ਤਨਖਾਹ ਦੀਆਂ ਸਾਲਾਨਾ ਤਰੱਕੀਆਂ ( increments ) ਰੋਕਣਾ।<br>**ਵਡੀਆਂ ਸਜ਼ਾਵਾਂ**<br>v) ਸੰਚਿਤ ਪ੍ਰਭਾਵ ਸਹਿਤ ਤਨਖਾਹ ਦੀਆਂ ਸਾਲਾਨਾ ਤਰੱਕੀਆਂ ( increments ) ਰੋਕਣਾ ਜਾਂ ਨਿਸ਼ਚਿਤ ਸਮੇਂ ਲਈ ਤਨਖਾਹ ਦੇ ਸਮਾਂ ਸਕੇਲ ਵਿੱਚ ਹੇਠਲੀ ਸਟੇਜ ਤੇ ਪਰਤਾਉਣਾ ( reduction ), ਇਸ ਬਾਰੇ ਹੋਰ ਹਦਾਇਤਾਂ ਸਮੇਤ ਕਿ ਕੀ ਕਰਮਚਾਰੀ ਅਜਿਹੇ ਪਰਤਾਉਣ ( ਰੀਡਕਸ਼ਨ ) ਦੇ ਸਮੇਂ ਦੌਰਾਨ ਤਨਖਾਹ ਦੀਆਂ ਸਾਲਾਨਾ | ਡੀ. ਆਈ. ਜੀ. ( ਚੋ. ਤੇ ਸੁ. ) | ਪੰ. ਰਾ. ਬਿ. ਬੋ. |

| | | | |
|---|---|---|---|
| | ਤਰੱਕੀਆਂ ਕਮਾਏਗਾ ਕਿ ਨਹੀਂ ਅਤੇ ਕੀ ਅਜਿਹੇ ਸਮੇਂ ਦੇ ਸਮਾਪਤ ਹੋ ਜਾਣ ਮਗਰੋਂ ਪਰਤਾਏ (ਰੀਡਕਸ਼ਨ ) ਜਾਣ ਕਾਰਨ ਇਸ ਨਾਲ ਉਸ ਦੀ ਤਨਖਾਹ ਦੀਆਂ ਭਵਿਖੀ ਸਾਲਾਨਾ ਤਰੱਕੀਆਂ ਦਾ ਸਥੱਗਨ ਪ੍ਰਭਾਵਿਤ ਹੋਵੇਗਾ ਜਾਂ ਨਹੀਂ ;<br><br>vi) ਤਨਖਾਹ ਗ੍ਰੇਡ ਦੇ ਹੇਠਲੇ ਸਮਾਂ ਸਕੇਲ ਜਾਂ ਆਸਾਮੀ ਜਾਂ ਸੇਵਾ ਵਿੱਚ ਪਰਤਾਉਣਾ ਜਿਹੜੀ ਕਿ ਸਾਧਾਰਣ ਤੌਰ ਤੇ ਤਨਖਾਹ ਦੇ ਸਮਾਂ ਸਕੇਲ, ਗ੍ਰੇਡ, ਆਸਾਮੀ ਜਾਂ ਸੇਵਾ ਵਿੱਚ ਕਰਮਚਾਰੀ ਦੀ ਤਰੱਕੀ ਤੇ ਰੋਕ ਹੋਵੇਗੀ, ਜਿਸ ਤੋਂ ਉਸ ਨੂੰ ਪਰਤਾਇਆ ਗਿਆ ਸੀ ਅਤੇ ਇਸ ਸਬੰਧੀ ਕਿ ਗ੍ਰੇਡ ਜਾਂ ਆਸਾਮੀ ਜਾਂ ਸੇਵਾ ਜਿਸ ਤੋਂ ਕਰਮਚਾਰੀ ਨੂੰ ਪਰਤਾਇਆ ਗਿਆ ਸੀ, ਵਿੱਚ ਬਹਾਲੀ ਦੀਆਂ ਸ਼ਰਤਾਂ ਸਬੰਧੀ ਅਤੇ ਉਸ ਗ੍ਰੇਡ, ਆਸਾਮੀ ਜਾਂ ਸੇਵਾ ਵਿੱਚ ਅਜਿਹੀ ਬਹਾਲੀ ਹੋਣ ਉਤੇ ਉਸ ਦੀ ਸੀਨੀਅਰਤਾ ਅਤੇ ਤਨਖਾਹ ਸਬੰਧੀ ਅਗਲੀਆਂ ਹਦਾਇਤਾਂ ਸਮੇਤ ਜਾਂ ਬਿਨਾਂ ।<br><br>vii) ਲਾਜ਼ਮੀ ਸੇਵਾ-ਨਿਵਿਰਤੀ ( ਰਿਟਾਇਰਮੈਂਟ )<br><br>viii) ਸੇਵਾ ਤੋਂ ਬਰਤਰਫੀ ਜਿਹੜੀ ਕਿ ਬੋਰਡ ਅਧੀਨ ਭਵਿਖ ਵਿੱਚ ਨਿਯੁਕਤੀ ਲਈ ਅਯੋਗਤਾ ਨਹੀਂ ਹੋਵੇਗੀ।<br><br>ix) ਸੇਵਾ ਤੋਂ ਬਰਖਾਸਤਗੀ ਜਿਹੜੀ ਕਿ ਸਾਧਾਰਣ ਤੌਰ ਤੇ ਬੋਰਡ ਅਧੀਨ ਭਵਿਖ ਵਿੱਚ ਨਿਯੁਕਤੀ ਲਈ ਅਯੋਗਤਾ ਹੋਵੇਗੀ। | | |